
ਇਸ਼ਤਿਹਾਰ ਲਵਾਓ
ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ
ਸੰਪਰਕ ਕਰੋ
0181-2211009
Newslokbani@gmail.com



ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿਡਰ ਆਵਾਜ਼

Email : lokbani08@gmail.com

ਸ਼ੁੱਕਰਵਾਰ, 15 ਅਪ੍ਰੈਲ 2022

ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)



ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
ਇਹ ਆਸ਼ਰਮ ਬੇ-ਸਹਾਰਾ, ਅਪਾਹਜਾਂ, ਲਾਵਾਰਿਸਾਂ ਅਤੇ ਵਿਧਵਾ ਔਰਤਾਂ ਦੀ ਸਾਂਭ-ਸੰਭਾਲ ਕਰਦਾ ਹੈ।
ਇਮਾਰਤ ਦੀ ਉਸਾਰੀ 'ਚ ਸੰਗਤਾਂ ਵੱਧ ਤੋਂ ਵੱਧ ਯੋਗਦਾਨ ਪਾਉਣ ਜੀ। ਧੰਨਵਾਦ
ਪਿੰਡ ਬਵਿਆਣਾ, ਨਜ਼ਦੀਕ ਜੰਡੂਸਿੰਘਾ, ਹੁਸ਼ਿਆਰਪੁਰ ਰੋਡ, ਜਲੰਧਰ
ਫੋਨ ਨੰ. 0181-2920668, 95011-42008, 95011-38387, 79735-89416



R.N.I. Punpun/29016/2008 ✲ ਸਾਲ : 14 ✲ ਅੰਕ : 401 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




## ਮੁੱਖ ਮੰਤਰੀ ਤੇ ਲਗੇ ਸ਼ਰਾਬ ਪੀ ਕੇ ਮੱਥਾ ਟੇਕਣ ਦੇ ਇਲਜਾਮ

**ਚੰਡੀਗੜ੍ਹ/ਲੋਕ ਬਾਣੀ**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸ਼ਰਾਬ ਪੀ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ, ਇਹ ਬਹੁਤ ਵੱਡੀ ਬੇਅਦਬੀ ਹੈ, ਜਿਸ ਦਾ ਅਕਾਲ ਤਖਤ ਦੇ ਜਥੇਦਾਰ ਨੂੰ ਗੰਭੀਰ ਨੋਟਿਸ ਲਿਆ ਜਾਵੇ ਅਤੇ ਪੰਥਕ ਮਰਿਆਦਾ ਅਨੁਸਾਰ ਇਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

ਅੱਜ ਇੱਥੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਹੈ ਕਿ ਜਲੰਧਰ ਵਿੱਚ ਡਾ: ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਦੇ ਰਾਜ ਪੱਧਰੀ ਸਮਾਗਮ ਵਿੱਚ ਭਾਸ਼ਣ ਦੇਣ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਸ਼ਰਾਬੀ ਹੋਏ ਨਜ਼ਰ ਆ ਰਹੇ ਹਨ।

# ਸਵੀਡਨ ਤੇ ਫਿਨਲੈਂਡ ਜੇਕਰ ਨਾਟੋ 'ਚ ਸ਼ਾਮਲ ਹੋਏ ਤਾਂ ਰੂਸ ਨੇ ਦਿੱਤੀ ਚਿਤਾਵਨੀ

**ਇੰਟਰਨੈਸ਼ਨਲ ਡੈਸਕ/ਲੋਕ ਬਾਣੀ**

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਭ ਤੋਂ ਕਰੀਬੀ ਸਹਿਯੋਗੀਆਂ 'ਚੋਂ ਇਕ ਨੇ ਵੀਰਵਾਰ ਨੂੰ ਨਾਟੋ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਵੀਡਨ ਅਤੇ ਫਿਨਲੈਂਡ ਅਮਰੀਕਾ ਦੀ ਅਗਵਾਈ ਵਾਲੇ ਫੌਜੀ ਗਠਜੋੜ 'ਚ ਸ਼ਾਮਲ ਹੋ ਜਾਂਦੇ ਹਨ ਤਾਂ ਰੂਸੀ ਪ੍ਰਮਾਣੂ ਹਥਿਆਰਾਂ ਨੂੰ ਤਾਇਨਾਤ ਕਰੇਗਾ ਅਤੇ ਨਾਲ ਹੀ ਉਹ ਬਚਾਅ ਲਈ ਆਪਣੀ ਫੌਜ ਨੂੰ ਹੋਰ ਮਜ਼ਬੂਤ ਕਰੇਗਾ। ਦੱਸਣਯੋਗ ਹੈ ਕਿ ਫਿਨਲੈਂਡ ਰੂਸ ਤੋਂ 1300 ਕਿਲੋਮੀਟਰ ਦੀ ਸਰਹੱਦ ਸਾਂਝੀ ਕਰਦਾ ਹੈ। ਇਕ ਦਿਨ ਪਹਿਲਾਂ ਫਿਨਲੈਂਡ ਦੀ ਪ੍ਰਧਾਨ ਮੰਤਰੀ ਸਨਾ ਮਾਰਿਨ ਨੇ ਕਿਹਾ ਸੀ ਕਿ ਫਿਨਲੈਂਡ ਅਗਲੇ ਕੁਝ ਹਫ਼ਤਿਆਂ 'ਚ ਨਾਟੋ 'ਚ ਸ਼ਾਮਲ ਹੋਣ ਦਾ ਫੈਸਲਾ ਕਰੇਗਾ।



ਰਾਇਟਰਸ ਦੀ ਰਿਪੋਰਟ ਮੁਤਾਬਕ ਰੂਸ ਦੀ ਸੁਰੱਖਿਆ ਪ੍ਰੀਸ਼ਦ ਦੇ ਉਪ ਪ੍ਰਧਾਨ ਦਮਿਤਰੀ ਮੇਦਵੇਦੇਵ ਨੇ ਕਿਹਾ ਕਿ ਜੇਕਰ ਸਵੀਡਨ ਅਤੇ ਫਿਨਲੈਂਡ ਨਾਟੋ 'ਚ ਸ਼ਾਮਲ ਹੁੰਦੇ ਹਨ ਤਾਂ ਰੂਸ ਨੂੰ ਬਾਲਟਿਕ ਸਾਗਰਨਆਪਣੀ ਜ਼ਮੀਨ, ਜਲ ਸੈਨਾ ਅਤੇ ਹਵਾਈ ਫੌਜ ਨੂੰ ਮਜ਼ਬੂਤ ਕਰਨਾ ਹੋਵੇਗਾ। ਬਾਲਟਿਕ ਖੇਤਰ ਨੂੰ ਲੈ ਕੇ ਜਤਾਈ ਚਿੰਤਾ ਰਾਇਟਰਸ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਮੇਦਵੇਦੇਵ ਨੇ ਸਪੱਸ਼ਟ ਰੂਪ ਨਾਲ ਪ੍ਰਮਾਣੂ ਖਤਰੇ ਨੂੰ ਇਹ ਕਹਿ ਕਿ ਚੁੱਕਿਆ ਕਿ ਬਾਲਟਿਕ ਲਈ ਕਿਸੇ ਵੀ ਪ੍ਰਮਾਣੂ ਮੁਕਤ ਸਥਿਤੀ ਨੂੰ ਲੈ ਕੇ ਕੋਈ ਹੋਰ ਗੱਲ ਨਹੀਂ ਹੋ ਸਕਦੀ ਹੈ।



## ਪੁਲਿਸ ਨੇ ਜੀ.ਟੀ ਰੋਡ ਜਾਮ ਕਰਨ ਵਾਲੇ ਲੋਕਾਂ ਤੇ ਕੀਤਾ ਲਾਠੀਚਾਰਜ

**ਕਰਨਾਲ/ਲੋਕ ਬਾਣੀ**

ਬੀਤੇ ਕਰੀਬ ਦੱਸ ਦਿਨ ਪਹਿਲਾਂ ਪਿੰਡ ਕਮਾਲਪੁਰ ਰੋਡਾਨ ਵਿਖੇ ਚਾਰ ਸਾਲ ਦੇ ਜਸ ਦੇ ਹੋਏ ਕਤਲ ਦੇ ਮਾਮਲੇ ਨੂੰ ਲੈ ਕੇ ਅੱਜ ਇੱਥੇ ਸੀ.ਐੱਮ.ਸਿਟੀ ਹਰਿਆਣਾ ਕਰਨਾਲ ਦੇ ਸੈਕਟਰ 12 ਸਥਿਤ ਯੋਗਾ ਗਰਾਉਂਡ ਵਿਖੇ ਖ਼ੇਤਰ ਦੇ ਸੈਂਕੜੇ ਲੋਕਾਂ ਨੇ ਇਕੱਤਰ ਹੋ ਕੇ ਇਕ ਮਹਾਂਪੰਚਾਇਤ ਦਾ ਆਯੋਜਨ ਕੀਤਾ, ਜਿਸ ਵਿਚ ਜਸ ਦੇ ਕਤਲਕਾਂਡ ਦੀ ਸੀ.ਬੀ.ਆਈ ਤੋਂ ਜਾਂਚ ਕਰਵਾਏ ਜਾਣ ਅਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਤੇ ਜਾਣ ਦੀ ਮੰਗ ਕੀਤੀ ਗਈ ਅਤੇ ਸਾਰੇ ਮਾਮਲੇ ਨੂੰ ਲੈ ਕੇ ਐੱਸ.ਪੀ. ਗੰਗਾ ਰਾਮ ਪੁਨੀਆ ਨਾਲ ਗੱਲਬਾਤ ਕਰਨ ਲਈ 10 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ। ਇਸ ਦੇ ਬਾਵਜੂਦ ਪੁਲਿਸ ਦੀ ਕਾਰਜਪ੍ਰਣਾਲੀ ਠੀਕ ਤਰ੍ਹਾਂ ਨਾ ਨਿਭਾਏ ਜਾਣ ਦੇ ਦੋਸ਼ ਲਗਾਉਂਦੇ ਹੋਏ ਜੀ.ਟੀ.ਰੋੜ ਜਾਮ ਕਰਨ ਦਾ ਫ਼ੈਸਲਾ ਵੀ ਲਿਆ ਗਿਆ, ਜਿਸ ਕਾਰਨ ਜਦ ਪ੍ਰਦਰਸ਼ਨਕਾਰੀ ਜੀ.ਟੀ.ਰੋਡ ਜਾਮ ਕਰਨ ਲਈ ਯੋਗਾ ਗਰਾਉਂਡ ਤੋਂ ਅੱਗੇ ਵਧੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਮਿੰਨੀ ਸਕੱਤਰੇਤ ਦੇ ਮੋੜ ਤੇ ਰੋਕ ਲਿਆ ਪਰ ਪ੍ਰਦਰਸ਼ਨਕਾਰੀ ਪੁਲਿਸ ਨਾਲ ਟਕਰਾਅ ਗਏ।

## ਪੁੱਡਾ ਦੇ ਅਫਸਰ ਰਿਸ਼ਵਤ ਮਾਮਲੇ ਵਿੱਚ ਪੁਲਿਸ ਨੂੰ ਮਿਲਿਆ ਰਿਮਾਂਡ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਬੀਤੇ ਦਿਨੀਂ ਇਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ



ਗ੍ਰਿਫ਼ਤਾਰ ਕੀਤੇ ਗਏ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਿਟੀ (ਪੁੱਡਾ) ਦੇ ਸੈਕਸ਼ਨ ਅਫ਼ਸਰ ਦਵਿੰਦਰ ਕੁਮਾਰ ਨੂੰ ਅੱਜ ਮੁਹਾਲੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਚਾਰ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਵਿਜੀਲੈਂਸ ਟੀਮ ਨੇ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਦੱਸਿਆ ਕਿ ਗ੍ਰਿਫ਼ਤਾਰੀ ਮਗਰੋਂ ਪੁੱਡਾ ਮੁਲਾਜ਼ਮ ਦੇ ਮੁਹਾਲੀ ਸਥਿਤ ਘਰ ਦੀ ਤਲਾਸ਼ੀ ਦੌਰਾਨ 9 ਲੱਖ ਰੁਪਏ ਹੋਰ ਬਰਾਮਦ ਕੀਤੇ ਗਏ ਹਨ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁੱਡਾ ਮੁਲਾਜ਼ਮ ਨੂੰ ਨਿਰਮਲ ਸਿੰਘ ਵਾਸੀ ਫੇਜ਼-11 ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

## ਦੇਸ਼ ਦੀ ਰਾਜਧਾਨੀ ਵਿੱਚ ਕੋਰੋਨਾ ਕੇਸ ਵਧਣ ਕਾਰਨ ਸਕੂਲਾਂ ਨੂੰ ਦਿੱਤੇ ਨਵੇਂ ਆਦੇਸ਼




**ਦਿੱਲੀ/ਕਪੂਰ**

ਦਿੱਲੀ ਦੇ ਸਿੱਖਿਆ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਨੇ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ @ਚ ਕਿਹਾ ਗਿਆ ਹੈ ਕਿ ਜੇਕਰ ਕੋਈ ਵੀ ਕੋਰੋਨਾ ਕੇਸ ਪਾਇਆ ਜਾਂਦਾ ਹੈ ਤਾਂ ਇਸ ਦੀ ਸੂਚਨਾ ਡਾਇਰੈਕਟੋਰੇਟ ਨੂੰ ਦਿੱਤੀ ਜਾਵੇ ਅਤੇ ਸੰਬੰਧਿਤ ਵਿੰਗ ਜਾਂ ਸਕੂਲ ਨੂੰ ਕੁੱਝ ਸਮੇਂ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇ।

## ਵਿਸਾਖੀ ਮੌਕੇ ਤਲਵੰਡੀ ਸਾਬੋ ਵਿੱਚ ਸੰਗਤਾਂ ਹੋਇਆ ਨਤਮਸਤਕ



**ਤਲਵੰਡੀ ਸਾਬੋ/ਲੋਕ ਬਾਣੀ**

ਇਥੇ ਤਖ਼ਤ ਦਮਦਮਾ ਸਾਹਿਬ ਵਿੱਚ ਚਾਰ ਰੋਜ਼ਾ ਵਿਸਾਖੀ ਮੇਲੇ ਦੇ ਅੱਜ ਮੁੱਖ ਦਿਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਤਮਸਤਕ ਹੋਏ। ਅੱਜ ਵਿਸਾਖੀ ਦੇ ਦਿਹਾੜੇ 'ਤੇ ਦੂਰ ਦੁਰਾਡੇ ਤੋਂ ਸੰਗਤਾਂ ਪੁੱਜੀਆਂ ਹੋਈਆਂ ਹਨ। ਸੰਗਤ ਵੱਲੋਂ ਵਿਸਾਖੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਹੈੱਡ ਆਫਿਸ ਪਿੰਡ ਅਲਾਵਲਪੁਰ ਵਿਖੇ ਮਨਾਇਆ ਗਿਆ ਡਾ ਬੀ .ਆਰ ਅੰਬੇਦਕਰ ਦਾ ਜਨਮ ਦਿਵਸ : ਰਾਜਿੰਦਰ ਗਿੱਲ



**ਅਲਾਵਲਪੁਰ/ਮੁਨੀਸ਼ ਤੋਖੀ**

ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਹੈੱਡ ਆਫਿਸ ਪਿੰਡ ਅਲਾਵਲਪੁਰ (ਜਲੰਧਰ) ਵਿਖੇ ਰਾਸ਼ਟਰੀ ਪ੍ਰਧਾਨ ਸ੍ਰੀ ਰਾਜਿੰਦਰ ਗਿੱਲ ਵੱਲੋਂ ਅੱਜ ਬਾਬਾ ਸਾਹਿਬ ਜੀ ਦਾ ਜਨਮ ਦਿਹਾੜਾ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਅਤੇ ਇਸ ਸ਼ੁੱਭ ਮੌਕੇ ਤੇ ਸ੍ਰੀ ਗਿੱਲ ਵੱਲੋਂ ਪ੍ਰੇਮ ਰਤਨ (NRI) ਨੂੰ ਯੂਰਪ ਕੰਟਰੀਆ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਪੇ ?ਮ ਰਤਨ ਨੂੰ ਪਾਰਟੀ ਦੇਸਾਂ ਵਿਦੇਸਾਂ ਵਿੱਚ ਵੱਡੇ ਪੱਧਰ ਤੇ ਪਚਾਉਣ ਦੇ ਉਦੇਸ਼ ਦਿੱਤੇ ਗਏ।ਉਹਨਾਂ ਦੇ ਨਾਲ ਨੈਸ਼ਨਲ ਚੇਅਰਮੈਨ ਪ੍ਰਿੰਸੀਪਲ ਮੋਹਨ ਲਾਲ ਖੋਸਲਾ,ਨੈਸ਼ਨਲ ਵਾਈਸ ਪ੍ਰਧਾਨ ਡਾ, ਹਰਵਿੰਦਰ ਬਿੰਦੂ,ਸੰਤੋਖ ਯੂਥ ਪ੍ਰਧਾਨ ਜਲੰਧਰ, ਨੈਸ਼ਨਲ ਸਕੱਤਰ ਹਰਭਜਨ ਸਿੰਘ, ਪਰਮਜੀਤ ਸਿੰਘ ਜਨਰਲ ਸਕੱਤਰ ਦੁਆਬਾ ਜੋਨ,ਮੇਹਰ ਸਿੰਘ ਸਰਕਲ ਪ ?ਧਾਨ ਕਰਤਾਰ ਪੁਰ, ਪ੍ਰੇਮ ਸਰਸਰ ਇੰਚਾਰਜ ਨੌਰਥ ਇੰਡੀਆ ਨੇ ਇਸ ਸ਼ੁੱਭ ਮੌਕੇ ਤੇ ਪਹੁੰਚੇ ਅਤੇ ਗਿੱਲ ਨੇ ਆਪਣੇ ਸਾਥੀਆ ਸਮੇਤ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਇਆ । ਡਾ, ਭੀਮ ਰਾਉ ਅੰਬੇਦਕਰ ਜੀ ਦੇ 131ਵੇ ਜਨਮ ਦਿਵਸ ਤੇ ਸਾਰੇ ਹੀ ਦੇਸ ਵਾਸੀਆਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੰਦਾ ਹਾਂ ਅਤੇ ਸ੍ਰੀ ਰਾਜਿੰਦਰ ਗਿੱਲ ਨੇ ਕਿਹਾ ਕਿ ਡਾ, ਬੀ,ਆਰ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਮਹਾਨ ਸਿਆਸਤਦਾਨ ਅਤੇ ਉੱਗੇ ਸਮਾਜ ਸੁਧਾਰਕ ਭਾਰਤ ਰਤਨ ਸਨ,।

ਬਾਬਾ ਸਾਹਿਬ ਜੀ ਸਦਾ ਵਾਸਤੇ ਜਿੰਦਾਂ ਬਾਦ ਰਹਿਣਗੇ। ਸਾਨੂੰ ਉਨ੍ਹਾਂ ਦਾ ਸੰਘਰਸ਼ ਯਾਦ ਰੱਖਣਾ ਚਾਹੀਦਾ ਹੈ। ਅਤੇ ਉਨ੍ਹਾਂ ਦਾ ਸਰੂਪ ਹਰ ਘਰ ਵਿੱਚ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਸੋਚ ਤੇ ਅੱਜ ਪਹਿਰਾ ਦੇਣ ਦੀ ਲੋੜ ਹੈ ਅਤੇ ਸਾਨੂੰ ਆਪਣੇ ਬੱਚਿਆਂ ਨੂੰ ਵੀ ਬਾਬਾ ਸਾਹਿਬ ਜੀ ਦੀ ਕੁਰਬਾਨੀ ਬਾਰੇ ਦੱਸਣਾ ਚਾਹੀਦਾ ਹੈ। ਇਸ ਮੌਕੇ ਵਿਨੋਦ ਕੁਮਾਰ, ਰਾਹੁਲ ਰਣਜੀਤ, ਹਰੀਸ ਕੁਮਾਰ, ਖੁਸ਼ਹਾਲ ਸਿੱਧੂ,ਗੋਰਵ, ਪਵਨ, ਪੁਨੀਤ ਕੁਮਾਰ ਭੱਟੀ, ਜੋਤੀ ਆਦਿ ਮੈਂਬਰ ਸਨ।

# ਵਿਸਾਖੀ 'ਤੇ ਸਤਲੁਜ ਦਰਿਆ 'ਚ ਨਹਾਉਂਦੇ ਦੋ ਨੌਜਵਾਨ ਡੁੱਬੇ

**ਮੱਲਾਂਵਾਲਾ/ਲੋਕ ਬਾਣੀ:-** ਮਾਲਵਾ ਮਾਝਾ ਦੀ ਹੱਦ 'ਤੇ ਪੈਂਦੇ ਪੁਲਿਸ ਥਾਣਾ ਆਰਿਫ ਕੇ ਦੇ ਅਖੀਰਲੇ ਪਿੰਡ ਮੁੱਠਿਆਂਵਾਲਾ ਨਜ਼ਦੀਕ ਸਥਿਤ ਸਤਲੁਜ ਦਰਿਆ ਤੇ ਗੁਰਦੁਆਰਾ ਬਾਬਾ ਵੀਰ ਸਿੰਘ ਗੁਪਤਸਰ ਸਾਹਿਬ ਵਿਖੇ ਵਿਸਾਖੀ ਵੇਖਣ ਗਏ ਮਸੇਰ ਭਰਾਵਾਂ ਦੀ ਸਤਲੁਜ ਦਰਿਆ @ਚ ਨਹਾਉਣ ਸਮੇਂ ਡੁੱਬਣ ਨਾਲ ਮੌਤ ਹੋ ਗਈ ਹੈ । ਜਾਣਕਾਰੀ ਅਨੁਸਾਰ ਪਿੰਡ ਮੁਠਿਆਂਵਾਲਾ ਦੇ ਦੋ ਨੌਜਵਾਨ ਮਨਪ੍ਰੀਤ ਸਿੰਘ ਮਨੀ ਪੁੱਤਰ ਬਖਸ਼ੀਸ ਸਿੰਘ (28) ਸਾਜਨ ਸਿੰਘ ਪੁੱਤਰ ਰਣਜੀਤ ਸਿੰਘ (18) ਦੋਨੋਂ ਮਾਸੀ ਦੇ ਪੁੱਤ ਭਰਾ ਹਨ । ਅੱਜ ਗੁਰਦੁਆਰਾ ਗੁਪਤਸਰ ਸਾਹਿਬ ਵਿਖੇ ਵਿਸਾਖੀ 'ਤੇ ਮੇਲਾ ਦੇਖਣ ਲਈ ਗਏ ਸਨ ਅਤੇ ਦੁਪਹਿਰ ਨੂੰ ਸਤਲੁਜ ਦਰਿਆ @ ਚ ਇਸ਼ਨਾਨ ਕਰਨ ਲਈ ਗਏ । ਨਹਾਉਣ ਸਮੇਂ ਸਾਜਨ ਵੱਲੋਂ ਡੂੰਘੀ ਥਾ 'ਤੇ ਜਾਣ ਕਾਰਨ ਡੁੱਬਣ ਲੱਗਾ ਤਾਂ ਡੁਬਦੇ ਸਾਜਨ ਨੂੰ ਦੇਖ ਕੇ ਮਨਪ੍ਰੀਤ ਸਿੰਘ ਨੇ ਵੀ ਉਸ ਨੂੰ ਬਚਾਉਣ ਲਈ ਦਰਿਆ ਚ ਛਾਲ ਮਾਰ ਦਿੱਤੀ । ਪਰ ਸਤਲੁਜ ਦਰਿਆ ਵਿਚ ਪਾਣੀ ਦਾ ਤੇਜ਼ ਵਹਾਅ ਕਾਰਨ ਮਨਪ੍ਰੀਤ ਤੇ ਸਾਜਨ



ਡੂੰਘੇ ਪਾਣੀ ਵਿਚ ਡੁੱਬ ਗਏ । ਘਟਨਾ ਦਾ ਪਤਾ ਲੱਗਣ @ ਤੇ ਬੀ.ਐੱਸ.ਐੱਫ. ਕੰਪਨੀ ਕਮਾਂਡਰ ਦੇ ਜਵਾਨਾਂ ਨੇ ਦੋ ਅਗਨਬੋਟ ਰਾਹੀਂ ਡੁੱਬੇ ਨੌਜਵਾਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਸਥਾਨਕ ਲੋਕ ਗੋਤਾਖੋਰ ਨੌਜਵਾਨ ਵੀ ਲਾਸ਼ਾਂ ਦੀ ਭਾਲ ਕਰ ਰਹੇ ਹਨ।

# ਕੋਰੋਨਾ ਆਫ਼ਤ : ਬਾਈਡੇਨ ਸਰਕਾਰ ਨੇ 'ਮਾਸਕ' ਦੇ ਲਾਜ਼ਮੀ ਆਦੇਸ਼ ਨੂੰ 3 ਮਈ ਤੱਕ ਵਧਾਇਆ

**ਵਾਸ਼ਿੰਗਟਨ/ਲੋਕ ਬਾਣੀ**

ਕੋਵਿਡ-19 ਦੇ ਵਧਦੇ ਮਾਮਲਿਆਂ ਦੇ ਵਿਚਕਾਰ ਬਾਈਡੇਨ ਪ੍ਰਸ਼ਾਸਨ ਨੇ ਘੋਸ਼ਣਾ ਕੀਤੀ ਹੈ ਕਿ ਉਹ ਹਵਾਈ ਜਹਾਜ਼ ਅਤੇ ਜਨਤਕ ਆਵਾਜਾਈ ਦੁਆਰਾ ਯਾਤਰਾ ਲਈ ਮਾਸਕ ਦੀ ਦੇਸ਼ ਵਿਆਪੀ ਜ਼ਰੂਰਤ ਨੂੰ 15 ਦਿਨਾਂ ਲਈ ਵਧਾ ਰਿਹਾ ਹੈ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਨੇ ਕਿਹਾ ਕਿ ਉਹ 18 ਅਪ੍ਰੈਲ ਨੂੰ ਖ਼ਤਮ ਹੋਣ ਵਾਲੇ ਆਦੇਸ਼ ਨੂੰ 3 ਮਈ ਤੱਕ ਵਧਾ ਰਿਹਾ ਹੈ। ਇਸ ਦੌਰਾਨ ਉਹ ਕੋਰੋਨਾ ਵਾਇਰਸ ਦੇ ਓਮੀਕਰੋਨ ਰੂਪ ਦੇ 21.2 ਉਪ ਕਿਸਮ ਦਾ ਅਧਿਐਨ ਕਰੇਗਾ ਜੋ ਕੋਵਿਡ ਮਹਾਮਾਰੀ ਦੇ ਜ਼ਿਆਦਾਤਰ ਮਾਮਲਿਆਂ ਲਈ ਜ਼ਿੰਮੇਵਾਰ ਹੈ।

ਏਜੰਸੀ ਨੇ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਮਾਮਲਿਆਂ ਦੇ ਵਧਣ ਦਾ ਖਦਸ਼ਾ, ਹਸਪਤਾਲ ਵਿੱਚ ਦਾਖਲ ਹੋਣ ਅਤੇ ਸਿਹਤ ਸੰਭਾਲ ਪ੍ਰਣਾਲੀ ਦੀ ਸਮਰੱਥਾ ਆਦਿ ਦੀ ਸੰਭਾਵਨਾ ਦਾ ਮੁਲਾਂਕਣ ਕਰਨ ਲਈ ਸੀਡੀਸੀ ਦਾ ਆਦੇਸ਼ ਇਸ ਸਮੇਂ ਲਾਗੂ



ਰਹੇਗਾ। ਉਹਨਾਂ ਮੁਤਾਬਕ ਜਦੋਂ ਆਵਾਜਾਈ ਸੁਰੱਖਿਆ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਮਿਆਦ ਨੂੰ ਵਧਾਇਆ ਸੀ ਤਾਂ ਉਸ ਨੇ ਮਾਸਕ ਦੀ ਜ਼ਰੂਰਤ ਬਾਰੇ ਕਿਹਾ ਸੀ ਕਿ ਸੀਡੀਸੀ ਇੱਕ ਵਧੇਰੇ ਲਚਕਦਾਰ ਸਾਵਧਾਨੀ ਰਣਨੀਤੀ ਤਿਆਰ ਕਰਨ ਦੀ ਉਮੀਦ ਕਰ ਰਹੀ ਹੈ ਜੋ ਦੇਸ਼ ਵਿਆਪੀ ਜ਼ਰੂਰਤ ਨੂੰ ਬਦਲ ਦੇਵੇਗੀ। ਬਾਈਡੇਨ ਸਰਕਾਰ ਨੇ 2020 ਤੋਂ ਪ੍ਰਭਾਵੀ ਸਿਹਤ ਐਮਰਜੈਂਸੀ ਨੂੰ 90 ਦਿਨਾਂ ਤੱਕ ਵਧਾ ਦਿੱਤਾ ਹੈ।

# ਰੇਤ ਦੀ ਨਾਜਾਇਜ਼ ਮਾਈਨਿੰਗ: ਕਾਲੇ ਧਨ ਨੂੰ ਸਫ਼ੈਦ ਕਰਨ ਦੇ ਮਾਮਲੇ 'ਚ ਈਡੀ ਵੱਲੋਂ ਚੰਨੀ ਤੋਂ 6 ਘੰਟਿਆਂ ਤੋਂ ਵੱਧ ਪੁੱਛ-ਪੜਤਾਲ



**ਨਵੀਂ ਦਿੱਲੀ/ਜਲੰਧਰ/ਲੋਕ ਬਾਣੀ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਈਡੀ ਨੇ ਰਾਜ ਵਿੱਚ ਰੇਤ ਮਾਈਨਿੰਗ ਮਾਮਲੇ ਨਾਲ ਸਬੰਧਤ ਮਨੀ ਲਾਂਡਰਿੰਗ ਜਾਂਚ ਵਿੱਚ ਛੇ ਘੰਟੇ ਤੋਂ ਵੱਧ ਸਮੇਂ ਤੱਕ ਪੁੱਛ ਪੜਤਾਲ ਕੀਤੀ। ਸੰਘੀ ਜਾਂਚ ਏਜੰਸੀ ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੇ ਤਹਿਤ 59 ਸਾਲਾ ਕਾਂਗਰਸੀ ਆਗੂ ਦੇ ਬਿਆਨ ਦਰਜ ਕੀਤੇ। ਚੰਨੀ ਬੁੱਧਵਾਰ ਦੇਰ ਰਾਤ ਜਲੰਧਰ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਜ਼ੋਨਲ ਦਫ਼ਤਰ ਤੋਂ ਬਾਹਰ ਆਏ। ਚੰਨੀ ਦੇ ਭਤੀਜੇ ਭੁਪਿੰਦਰ ਸਿੰਘ ਉਰਫ਼ ਹਨੀ ਨੂੰ 20 ਫਰਵਰੀ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਏਜੰਸੀ ਨੇ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ।

# ਦਿੱਲੀ ਦੇ ਇਕ ਸਕੂਲ 'ਚ ਇੱਕ ਵਿਦਿਆਰਥੀ ਅਤੇ ਅਧਿਆਪਕ ਨੂੰ ਹੋਇਆ ਕੋਰੋਨਾ

**ਨਵੀਂ ਦਿੱਲੀ/ਲੋਕ ਬਾਣੀ:-** ਦੇਸ਼ @ਚ ਕੋਰੋਨਾ ਦੇ ਮਾਮਲੇ ਵਧਦੇ ਜਾ ਰਹੇ ਹਨ। ਗਾਜ਼ੀਆਬਾਦ, ਨੋਇਡਾ ਤੋਂ ਬਾਅਦ ਹੁਣ ਦਿੱਲੀ ਦੇ ਸਕੂਲਾਂ @ਚ ਵੀ ਕੋਰੋਨਾ ਪਹੁੰਚ ਗਿਆ ਹੈ। ਅੱਜ ਦਿੱਲੀ ਦੇ ਇਕ ਸਕੂਲ @ਚ ਇਕ ਵਿਦਿਆਰਥੀ ਅਤੇ ਇੱਕ ਅਧਿਆਪਕ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਇਸ ਤੋਂ ਬਾਅਦ ਵਿਦਿਆਰਥੀ ਦੇ ਨਾਲ ਪੜ੍ਹ ਰਹੇ ਹੋਰ ਬੱਚਿਆਂ ਨੂੰ ਘਰ ਭੇਜ ਦਿੱਤਾ ਗਿਆ ਹੈ। ਦੱਸ ਦੇਈਏ ਕਿ ਅੱਜ ਦੇਸ਼ @ਚ ਪਿਛਲੇ 24 ਘੰਟਿਆਂ @ਚ ਕੋਰੋਨਾ ਦੇ 1,007 ਮਾਮਲੇ ਸਾਹਮਣੇ ਆਏ ਹਨ।

# ਇਨਸਾਫ਼ ਨਾ ਮਿਲਣ ਤੇ ਇਕ ਨੌਜਵਾਨ ਨੇ ਥਾਣਾ ਸਿਟੀ ਦੇ ਬਾਹਰ ਖ਼ੁਦ ਨੂੰ ਲਗਾਈ ਅੱਗ

**ਕਪੂਰਥਲਾ/ਲੋਕ ਬਾਣੀ:-** ਇਨਸਾਫ਼ ਨਾ ਮਿਲਣ ਤੇ ਇਕ ਨੌਜਵਾਨ ਨੇ ਥਾਣਾ ਸਿਟੀ ਦੇ ਬਾਹਰ ਖ਼ੁਦ ਨੂੰ ਅੱਗ ਲਗਾ ਲਈ, ਜਿਸ ਨੂੰ ਗੰਭੀਰ ਹਾਲਤ @ਚ ਇਲਾਜ ਲਈ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਸ ਦੇ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਦੇ ਬਾਹਰ ਰੋਸ ਧਰਨਾ ਲਗਾ ਦਿੱਤਾ ਹੈ, ਤੇ ਸਥਿਤੀ ਤਣਾਅ ਪੂਰਨ ਬਣੀ ਹੋਈ ਹੈ।

# ਥਾਣਾ ਮੁਖੀ ਸ਼ੇਰਪੁਰ ਨੇ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਨੂੰ ਦਿੱਤੀ ਸਖਤ ਚਿਤਾਵਨੀ

**ਸ਼ੇਰਪੁਰ/ਹਰਜੀਤ ਕਾਤਿਲ:-** ਕਸਬਾ ਸ਼ੇਰਪੁਰ ਜੋ ਪਿਛਲੇ ਸਮਿਆਂ 'ਚ ਚਿੱਟੇ ਵਾਲਾ ਸ਼ੇਰਪੁਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਮੀਡੀਆ ਦੁਆਰਾ ਹਮੇਸ਼ਾ ਹੀ ਇਸ ਤੇ ਲਗਾਮ ਲਗਾਉਣ ਦੀ ਦੁਹਾਈ ਦਿੱਤੀ ਜਾਂਦੀ ਰਹੀ ਹੈ। ਭਾਵੇਂ ਅੱਜ ਵੀ ਇੱਥੇ ਚਿੱਟਾ ਵਿਕਣ ਦੀਆਂ ਆਵਾਜ਼ਾਂ ਉੱਠਦੀਆਂ ਹਨ ਪਰ ਪਹਿਲਾਂ ਨਾਲੋਂ ਬਹੁਤ ਘੱਟ ਅਤੇ ਚੋਰ ਮੋਰੀਆਂ ਰਾਹੀਂ ਚਿੱਟਾ ਹਾਲੇ ਵੀ ਵੇਚਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਸੂਏ ਦੀ ਪਟੜੀ , ਸ਼ਮਸ਼ਾਨਘਾਟ , ਧਰਮਸ਼ਾਲਾਵਾਂ, ਈਨਾ ਬਾਜਵਾ ਰੋਡ ਆਦਿ ਸੁੰਨਸਾਨ ਥਾਵਾਂ ਤੇ ਆਪਣੇ ਖ਼ਾਸ ਅਕਾਵਾਂ ਰਾਹੀਂ ਨਸ਼ੇ ਦੇ ਆਦੀ ਨੌਜਵਾਨਾਂ ਤੱਕ ਨਸ਼ਾ ਪਹੁੰਚਾਇਆ ਜਾਂਦਾ ਹੈ । ਅੱਜ ਥਾਣਾ ਸ਼ੇਰਪੁਰ ਦੀ ਕਮਾਨ ਨੌਜਵਾਨ ਮਹਿਲਾ ਪੁਲੀਸ ਅਧਿਕਾਰੀ ਇੰਸਪੈਕਟਰ ਸੁਖਵਿੰਦਰ ਕੌਰ ਦੇ ਹੱਥਾਂ ਵਿਚ ਹੈ ਜਿਨ੍ਹਾਂ ਨੇ ਚੋਣਵੇਂ ਪੱਤਰਕਾਰਾਂ ਦੇ ਨਾਲ ਰੂਬਰੂ ਹੁੰਦਿਆਂ ਕਿਹਾ ਕਿ ਮੈਂ ਮਾਣਯੋਗ ਜ਼ਿਲ੍ਹਾ ਪੁਲੀਸ ਮੁਖੀ ਸਰਦਾਰ ਮਨਦੀਪ ਸਿੰਘ ਸਿੱਧੂ ਅਤੇ ਡੀ ਐੱਸ ਪੀ ਪਰਮਿੰਦਰ ਸਿੰਘ ਧੂਰੀ ਦੀਆਂ ਉਮੀਦਾਂ ਤੇ ਜਰੂਰ ਖਰਾ ਉਤਰਾਂਗੀ । ਸ਼ੇਰਪੁਰ ਵਿੱਚ ਚਿੱਟਾ ਵਿਕਣ ਨੂੰ ਲੈ ਕੇ ਪੁੱਛੇ ਗਏ ਸਵਾਲ ਤੇ ਉਨ੍ਹਾਂ ਕਿਹਾ ਮੈਨੂੰ ਕਿਸੇ ਵੀ ਕਿਸਮ ਦੀ ਨਸ਼ਾ ਤਸਕਰੀ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਜੜ ਤੋਂ ਖਤਮ ਕਰਨ ਲਈ ਇਲਾਕੇ ਦੇ ਲੋਕਾਂ ਦਾ ਸਾਥ ਚਾਹੀਦਾ ਹੈ।



ਰੋਜ਼ਾਨਾ ਲੋਕ ਬਾਣੀ

# ਵਿਧਾਇਕ ਪੰਡੋਰੀ ਵੱਲੋਂ ਅਨਾਜ ਮੰਡੀ ਸ਼ੇਰਪੁਰ ਵਿਖੇ ਕਣਕ ਦੀ ਖਰੀਦ ਦਾ ਲਿਆ ਜਾਇਜ਼ਾ



**ਸ਼ੇਰਪੁਰ/ਹਰਜੀਤ ਕਾਤਿਲ:-** ਹਲਕਾ ਮਹਿਲ ਕਲਾਂ ਦੇ ਵਿਧਾਇਕ ਸ. ਕੁਲਵੰਤ ਸਿੰਘ ਪੰਡੋਰੀ ਵੱਲੋਂ ਮੰਡੀਆਂ ਵਿੱਚ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਕਣਕ ਦੀ ਖਰੀਦ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਸਾਨਾਂ, ਆੜ੍ਹਤੀਆਂ, ਲੇਬਰ ਆਦਿ ਲਈ ਪੀਣ ਵਾਲੇ ਪਾਣੀ, ਛਾਂ, ਰੋਸ਼ਨੀ ਆਦਿ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਖ਼ਰੀਦ ਕੇਂਦਰ ਸ਼ੇਰਪੁਰ ਦਾ ਦੌਰਾ ਕੀਤਾ। ਵਿਧਾਇਕ ਪੰਡੋਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਸਰਕਾਰੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਕੀਤੀ ਗਈ ਸੀ ਪਰ ਹੁਣ ਮੰਡੀਆਂ ਵਿੱਚ ਕਣਕ ਦੀ ਆਮਦ ਜ਼ੋਰਾਂ ਉੱਤੇ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਨੇ ਸਮੂਹ ਖਰੀਦ ਏਜੰਸੀਆਂ,ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ ਕਿ ਕਣਕ ਦੀ ਖਰੀਦ ਨਿਰਵਿਘਨ ਕਰਵਾਈ ਜਾਵੇ ਅਤੇ ਮਿਥੇ ਸਮੇਂ ਵਿੱਚ ਖ਼ਰੀਦ, ਕਿਸਾਨਾਂ ਨੂੰ ਭੁਗਤਾਨ ਤੋਂ ਇਲਾਵਾ ਲਿਫਟਿੰਗ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਵਾਰ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਏਜੰਸੀਆਂ ਵੱਲੋਂ ਲੇਬਰ ਤੇ ਟਰਾਂਸਪੋਰਟ ਦੇ ਠੇਕੇ ਮੁਕੰਮਲ ਕਰ ਲਏ ਗਏ ਹਨ। ਜਿਸ ਕਾਰਨ ਖਰੀਦ ਅਤੇ ਲਿਫਟਿੰਗ ਆਦਿ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।

ਰੋਜ਼ਾਨਾ ਲੋਕ ਬਾਣੀ

# ਖੰਨਾ ਪੁਲਿਸ ਵੱਲੋਂ 2 ਸ਼ੱਕੀ ਮੋਟਰ ਸਾਈਕਲ ਸਵਾਰਾਂ ਪਾਸੋਂ 2 ਜਿੰਦਾ ਕਾਰਤੂਸ .32 ਬੌਰ ਤੇ 1 ਪਿਸਟਲ .32 ਬੌਰ ਦੇਸੀ ਬ੍ਰਾਮਦ ਹੋਇਆ



**ਖੰਨਾ/ਲੁਧਿਆਣਾ/ਸੁਖਚੈਨ ਮਹਿਰਾ**

ਸ਼੍ਰੀ ਰਵੀ ਕੁਮਾਰ, ਆਈ.ਪੀ.ਐੱਸ, ਸੀਨੀਅਰ ਪੁਲਿਸ ਕਪਤਾਨ ਖੰਨਾ, ਦੀ ਰਹਿਨੁਮਾਈ ਹੇਠ ਖੰਨਾ ਪੁਲਿਸ ਵੱਲੋ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਸਪੈਸ਼ਲ ਮੁਹਿੰਮ ਵਿੱਢੀ ਗਈ ਹੈ।ਜਿਸ ਦੇ ਤਹਿਤ ਸ਼੍ਰੀ ਦਿਗਵਿਜੇ ਕਪਿਲ, ਪੀ.ਪੀ.ਐਸ. ਪੁਲਿਸ ਕਪਤਾਨ (ਸਥਾਨਕ) ਖੰਨਾ, ਸ਼੍ਰੀ ਗੁਰਵਿੰਦਰ ਸਿੰਘ ਪੀ.ਪੀ.ਐੱਸ, ਉਪ ਪੁਲਿਸ ਕਪਤਾਨ (ਆਈ), ਖੰਨਾ, ਸ਼੍ਰੀ ਹਰਵਿੰਦਰ ਸਿੰਘ ਪੀ.ਪੀ.ਐੱਸ, ਉਪ ਪੁਲਿਸ ਕਪਤਾਨ (ਸਮਰਾਲਾ) ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਥਾਣੇਦਾਰ ਵਿਜੇ ਕੁਮਾਰ ਮੁੱਖ ਅਫਸਰ ਥਾਣਾ ਮਾਛੀਵਾੜਾ ਸਾਹਿਬ ਦੇ ਹੌਲਦਾਰ ਕਰਨੈਲ ਸਿੰਘ ਸਮੇਤ ਪੁਲਿਸ ਪਾਰਟੀ ਨੂੰ ਸਫਲਤਾ ਹਾਸਲ ਹੋਈ ਜਦੋ ਮਿਤੀ 13.04.2022 ਨੂੰ ਖੰਨਾ ਪੁਲਿਸ ਵੱਲੋਂ ਗਸਤ ਦੌਰਾਨ ਨਹਿਰ ਬਹਿਲੋਲਪੁਰ ਸਾਈਡ ਜਾ ਰਹੇ ਸਨ, ਤਾਂ ਦੋ ਮੋਨੇ ਵਿਅਕਤੀ ਨੌਜਵਾਨ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰੀ ਐਚ.ਪੀ.-12-ਈ-8862 ਪਰ ਆਉਂਦੇ ਦਿਖਾਈ ਦਿੱਤੇ, ਜਿਨ੍ਹਾਂ ਨੂੰ ਸ਼ੱਕ ਦੀ ਬਿਨਾਹ ਪਰ ਚੈਕ ਕੀਤਾ ਗਿਆ, ਮੋਟਰਸਾਈਕਲ ਚਾਲ ਨੇ ਆਪਣਾ ਨਾਮ (1) ਕੁਲਦੀਪ ਸਿੰਘ ਉਰਫ ਮਨੂੰ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਬਹਿਲੋਲਪੁਰ ਦੱਸਿਆ, ਜਿਸ ਪਾਸੋਂ ਇੱਕ ਪਿਸਟਲ .32 ਬੌਰ ਦੇਸੀ ਬ੍ਰਾਮਦ ਹੋਇਆ ਅਤੇ ਮੋਟਰਸਾਈਕਲ ਪਿਛੇ ਬੈਠੇ ਨੇ ਆਪਣਾ ਨਾਮ (2) ਸੁਖਵਿੰਦਰ ਸਿੰਘ ਉਰੱਫ ਨੌਨਾ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਬਹਿਲੋਲਪੁਰ ਦੱਸਿਆ,ਜਿਸ ਦੀ ਤਲਾਸ਼ੀ ਕਰਨ ਪਰ 2 ਜਿੰਦਾ ਕਾਰਤੂਸ .32 ਬੌਰ ਬਰਾਮਦ ਹੋਏ।ਜਿਸ ਤੇ ਮੁੱਕਦਮਾ ਨੰਬਰ 49, ਮਿਤੀ 13.04.2022 ਅ/ਧ 25 ਅਸਲਾ ਐਕਟ ਥਾਣਾ ਮਾਛੀਵਾੜਾ ਸਾਹਿਬ, ਬਰਖਿਲਾਫ ਦੋਸ਼ੀਆਨ ਉੱਕਤਾਨ ਦੇ ਦਰਜ਼ ਰਜਿਸਟਰ ਕਰਕੇ ਦੋਸ਼ੀਆਨ ਉੱਕਤਾਨ ਨੂੰ ਹਸਬ ਜਾਬਤਾ ਮੋਟਰਸਾਈਕਲ ਉੱਕਤ ਸਮੇਤ ਗ੍ਰਿਫਤਾਰ ਕੀਤਾ ਗਿਆ। ਦੋਸ਼ੀਆਂ ਪਾਸੋਂ ਪੁਲਿਸ ਰਿਮਾਂਡ ਦੌਰਾਨ ਇਸ ਗੱਲ ਦਾ ਪਤਾ ਕੀਤਾ ਜਾਵੇਗਾ ਕਿ ਇੰਨਾ ਨੇ ਕਿੰਨੀਆਂ ਵਾਰਦਾਤਾਂ ਨੂੰ ਅੰਜਾਮ ਦੇਣਾ ਸੀ ਅਤੇ ਇਨ੍ਹਾਂ ਦੇ ਹੋਰ ਕਿੰਨੇ ਸਾਥੀ ਹਨ।ਦੋਸ਼ੀਆਨ ਪਾਸੋਂ ਪੁੱਛਗਿੱਛ ਜਾਰੀ ਹੈ, ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਬ੍ਰਾਮਦਗੀ :-**

1) ਕੁੱਲ 01 ਪਿਸਟਲ .32 ਬੋਰ, 02 ਜਿੰਦਾ ਰੌਂਦ .32 ਬੋਰ।

2) ਇੱਕ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰੀ ਐਚ.ਪੀ.-12-ਈ-8862.

**ਗ੍ਰਿਫਤਾਰ ਦੋਸ਼ੀ : -**

(1) ਕੁਲਦੀਪ ਸਿੰਘ ਉਰਫ ਮਨੂੰ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਬਹਿਲੋਲਪੁਰ।

(2) ਸੁਖਵਿੰਦਰ ਸਿੰਘ ਉਰੱਫ ਨੌਨਾ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਬਹਿਲੋਲਪੁਰ।

ਇਸ ਤੋਂ ਇਲਾਵਾ ਥਾਣੇਦਾਰ ਸੁਖਵਿੰਦਰ ਸਿੰਘ ਥਾਣਾ ਸਦਰ ਖੰਨਾ ਸਮੇਤ ਪੁਲਿਸ ਪਾਰਟੀ ਨੇ ਦੌਰਾਨੇ ਗਸਤ ਪਿੰਡ ਬੀਜਾ ਸਰਵਿਸ ਲਾਇਨ, ਰੋਡ ਰਾਹੀ ਇੱਕ ਮੋਟਰਸਾਈਕਲ ਸਪਲੈਂਡਰ ਪਰ ਸਵਾਰ ਹੋ ਕੇ ਇੱਕ ਵਿਅਕਤੀ ਮੰਡਿਆਲਾ ਖੁਰਦ ਵੱਲ ਨੂੰ ਆ ਰਿਹਾ ਸੀ ਨੂੰ ਰੋਕਿਆ, ਜਿਸ ਨੇ ਆਪਣਾ ਨਾਮ ਕਮਲਜੀਤ ਸਿੰਘ ਉਰੱਫ ਕਮਲ ਪੁੱਤਰ ਜਿਉਣ ਸਿੰਘ ਵਾਸੀ ਪਿੰਡ ਮੋਹਨਪੁਰ, ਥਾਣਾ ਸਦਰ ਖੰਨਾਂ ਦੱਸਿਆ, ਜਿਸ ਦੀ ਹਸਬ ਜਾਬਤਾ ਚੈਕਿੰਗ ਕਰਨ ਪਰ ਜਿਸ ਪਾਸੋਂ ਪਾਸੋਂ 12 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਹੈ।ਜਿਸ ਪਰ ਮੁੱਕਦਮਾ ਨੰ:53 ਮਿਤੀ 13.04.2022 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਖੰਨਾ ਦਰਜ ਰਜਿਸਟਰ ਕਰਕੇ ਕਮਲਜੀਤ ਸਿੰਘ ਉੱਕਤ ਨੂੰ ਗ੍ਰਿਫਤਾਰ ਕੀਤਾ ਗਿਆ।

**ਬ੍ਰਾਮਦਗੀ :-**

1) 12 ਗ੍ਰਾਮ ਹੈਰੋਇਨ ਬ੍ਰਾਮਦ ।

2) ਇੱਕ ਮੋਟਰ ਸਾਈਕਲ ਮਾਰਕਾ ਸਪਲੈਂਡਰ ਨੰਬਰ ਪੀ.ਬੀ.-23-ਐਲ-2382 ਰੰਗ ਕਾਲਾ।

**ਗ੍ਰਿਫਤਾਰ ਦੋਸ਼ੀ : -**

(1) ਕਮਲਜੀਤ ਸਿੰਘ ਉਰੱਫ ਕਮਲ ਪੁੱਤਰ ਜਿਉਣ ਸਿੰਘ ਵਾਸੀ ਪਿੰਡ ਮੋਹਨਪੁਰ, ਥਾਣਾ ਸਦਰ ਖੰਨਾਂ।

# ਸਾਬਕਾ ਵਿਧਾਇਕ ਬਲਦੇਵ ਸਿੰਘ ਭੱਟੀ ਵਲੋਂ ਅੰਬੇਡਕਰ ਸਾਹਿਬ ਜੀ ਦੀ ਜੀਵਨੀ ਤੇ ਚਾਨਣਾ ਪਾਇਆ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਅਜ ਬਾਬਾ ਸਾਹਿਬ ਅੰਬੇਡਕਰ ਜੀ ਦਾ ਜਨਮਦਿਨ ਮਨਾਇਆ ਗਿਆ ਇਸ ਮੌਕੇ ਉਨ੍ਹਾਂ ਨੇ ਅੰਬੇਡਕਰ ਸਾਹਿਬ ਜੀ ਦੀ ਜੀਵਨੀ ਅਤੇ ਉਨ੍ਹਾਂ ਵਲੋਂ ਦਲਿਤਸਮਾਜ ਨੂੰ ਦਿੱਤੇ ਹੋਏ ਹੱਕਾ ਤੋ ਜਾਣੂੰ ਕਰਵਾਇਆ ਉਨ੍ਹਾਂ ਕਿਹਾ ਕਿ ਜੇਕਰ ਬਾਬਾ ਸਾਹਿਬ ਅੰਬੇਡਕਰ ਜੀ ਨਾ ਹੁੰਦੇ ਤਾਂ ਅਜ ਔਰਤਾਂ ਦਾ ਇਸ ਭਾਰਤ ਦੇ ਵਿੱਚ ਸਤਿਕਾਰ ਅਤੇ ਬਰਾਬਰੀ ਦਾ ਹੱਕ ਨਾ ਹੁੰਦੇ ਅਤੇ ਦਲਿਤ ਸਮਾਜ ਨੂੰ ਵੀ ਬਰਾਬਰ ਦੇ ਅਧਿਕਾਰ ਨਾ ਮਿਲਦੇ ਜਿਵੇਂ ਕਿ ਪੜਨ ਲਿਖਣ ਨੌਕਰੀ ਵੋਟਾਂ ਦਾ ਅਧਿਕਾਰ ਇਹ ਅਧਿਕਾਰ ਸਾਨੂੰ ਬਾਬਾ ਸਾਹਿਬ ਅੰਬੇਡਕਰ ਜੀ ਨੇ ਲੈ ਕੇ ਦਿੱਤੇ ਇਸ ਮੌਕੇ ਉਨ੍ਹਾਂ ਦੇ ਨਾਲ ਨਿਸ਼ਾਨ ਸਿੰਘ ਭੱਟੀ ਨੰਬਰਦਾਰ ਧਰਮਕੋਟ ਪਰੇਮ ਕੁਮਾਰ ਜਗਤਾਰ ਸਿੰਘ ਜੀਤਾ ਬਾਬਾ ਮਨਜੀਤ ਸਿੰਘ ਭਿੰਡਰ ਜੋਗਾ ਸਿੰਘ ਪ੍ਰਧਾਨ ਛਿੰਦਰ ਕੋਰ ਰਾਜ ਕੁਮਾਰ ਅਤੇ ਹੋਰ ਵੀ ਸਾਥੀ ਹਾਜਰ ਸਨ।

# ਪਿੰਡ ਕਪੂਰੀ ਦੇ ਸਰਕਾਰੀ ਸਕੂਲ ਤੋਂ ਪੜ੍ਹ ਕੇ ਬਣੇ ਐਨ.ਆਰ.ਆਈ ਨੇ ਪਿੰਡ ਦੇ ਸਕੂਲ ਨੂੰ ਦਿੱਤਾ ਇਨਵਰਟਰ ਸੈੱਟ



## ਐਨ ਆਰ ਆਈ ਸਾਥੀਆਂ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਕਪੂਰੀ ਤਰੱਕੀ ਦੀ ਰਾਹ ਤੇ

**ਦੇਵੀਗੜ੍ਹ/ਇਕਬਾਲ ਸਿੰਘ**

ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਕਪੂਰੀ ਦੇ ਇੰਚਾਰਜ ਹਰਪ੍ਰੀਤ ਸਿੰਘ ਉੱਪਲ ਨੇ ਦੱਸਿਆ ਕਿ ਪਿੰਡ ਕਪੂਰੀ ਦੇ ਜੰਮਪਲ ਤੇ ਪਿੰਡ ਦੇ ਸਕੂਲ ਤੋਂ ਪੜ੍ਹ ਕੇ ਬਣੇ ਐੱਨ ਆਰ ਆਈ ਰਣਵੀਰ ਸਿੰਘ ਨੰਬਰਦਾਰ ਨੇ ਸਕੂਲ ਦੇ ਬੱਚਿਆਂ ਨੂੰ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਇਨਵਰਟਰ ਭੇਟ ਕੀਤਾ । ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਫੋਨ ਤੇ ਕੈਨੇਡਾ ਰਹਿੰਦੇ ਰਣਵੀਰ ਸਿੰਘ ਨਾਲ ਮੇਰੀ ਗੱਲ ਹੋਈ ਸੀ ਤੇ ਉਨ੍ਹਾਂ ਨੇ ਸਕੂਲ ਦੇ ਮਾਹੌਲ ਨੂੰ ਹੋਰ ਵਧੀਆ ਅਤੇ ਬੱਚਿਆਂ ਦੀ ਸਹੂਲਤ ਲਈ ਇਨਵਰਟਰ ਦੇਣ ਦੀ ਗੱਲ ਕਹੀ ਛੇਤੀ ਹੀ ਇਨਵਰਟਰ ਉਨ੍ਹਾਂ ਨੇ ਸਕੂਲ ਵਿੱਚ ਪੁੱਜਦਾ ਕਰ ਦਿੱਤਾ । ਸਕੂਲ ਦੇ ਅਧਿਆਪਕ ਮੈਡਮ ਸਤਵਿੰਦਰ ਕੌਰ ਨੇ ਦੱਸਿਆ ਕਿ ਰਣਵੀਰ ਸਿੰਘ ਵੱਲੋਂ ਪਹਿਲਾਂ ਵੀ ਸਕੂਲ ਦੇ ਸੁਧਾਰ ਲਈ ਕਈ ਉਪਰਾਲੇ ਕੀਤੇ ਗਏ ਹਨ । ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀਮਤੀ ਬਲਜੀਤ ਕੌਰ ਨੇ ਵਿਦੇਸ਼ਾਂ ਰਹਿੰਦੇ ਪੰਜਾਬੀਆਂ ਨੂੰ ਇਸੇ ਤਰ੍ਹਾਂ ਸਰਕਾਰੀ ਸਕੂਲਾਂ ਲਈ ਦਿਲ ਖੋਲ੍ਹ ਕੇ ਦੇ ਸਹਿਯੋਗ ਦੇਣ ਦੀ ਅਪੀਲ ਕੀਤੀ । ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੇ ਬਲਾਕ ਮਾਸਟਰ ਟ੍ਰੇਨਰ ਨਵਦੀਪ ਸ਼ਰਮਾ ਬਲਜਿੰਦਰ ਸਿੰਘ,ਬਲਾਕ ਮੀਡੀਆ ਕੁਆਰਡੀਨੇਟਰ ਅਮਰੀਕ ਸਿੰਘ ਖੇੜੀ ਰਾਜਾ, ਸਕੂਲ ਦੀ ਸਮੁੱਚੀ ਐਸ.ਐਮ.ਸੀ ਕਮੇਟੀ ਨੇ ਸਰਕਾਰੀ ਐਲੀਮੈਂਟਰੀ ਸਕੂਲ ਕਪੂਰੀ ਵਿੱਚ ਇਨਵਰਟਰ ਸੈੱਟ ਦਾਨ ਦੇਣ ਤੇ ਕੈਨੇਡਾ ਰਹਿੰਦੇ ਐਨ ਆਰ ਆਈ ਰਣਵੀਰ ਸਿੰਘ ਨੰਬਰਦਾਰ ਤੇ ਉਨ੍ਹਾਂ ਦੇ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ ਕੀਤਾ ।

# ਪਤੀ ਵੱਲੋਂ ਪਤਨੀ ਦਾ ਕਤਲ, ਲਾਸ਼ ਨੂੰ ਖੁਰਦ ਬੁਰਦ ਕਰਨ ਦੀ ਕੀਤੀ ਕੋਸ਼ਿਸ਼



**ਅੰਮ੍ਰਿਤਸਰ/ਰਾਜਾ ਕੋਟਲੀ**

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਜਲਾਲ ਉਸਮਾਂ ਵਿਚ ਇਕ ਵਿਅਕਤੀ ਵੱਲੋਂ ਆਪਣੀ ਪਤਨੀ ਨੂੰ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਕਤਲ ਕਰਨ ਤੋਂ ਬਾਅਦ ਪਤੀ ਨੇ ਪਤਨੀ ਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਦੀ ਵੀ ਕੋਸ਼ਿਸ਼ ਕੀਤੀ। ਮ੍ਰਿਤਕ ਦੇ ਪਤੀ ਕੈਪਟਨ ਸਿੰਘ ਨੇ ਆਪਣੀ ਪਤਨੀ ਮਨਦੀਪ ਕੌਰ ਨੂੰ ਕਤਲ ਕਰਨ ਤੋਂ ਬਾਅਦ ਲਾਸ਼ ਬਾਹਰ ਸੁੱਟਣ ਲਈ ਗੋਹੇ ਵਿੱਚ ਲੁਕੋਈ ਹੋਈ ਸੀ।ਜਿਸ ਦੀ ਸੂਚਨਾ ਮਿਲਣ ਤੇ ਥਾਣਾ ਮਹਿਤਾ ਐਸ.ਐਚ.ਓ. ਇੰਸਪੈਕਟਰ ਗੁਲਜ਼ਾਰ ਸਿੰਘ ਅਤੇ ਡੀ.ਐੱਸ.ਪੀ. ਸੁਰਿੰਦਰਪਾਲ ਸਿੰਘ ਜੰਡਿਆਲਾ ਗੁਰੂ ਅਤੇ ਅਕਵਿੰਦਰ ਕੌਰ ਨਾਇਬ ਤਹਿਸੀਲਦਾਰ ਤਰਸਿੱਕਾ ਪੁਲਸ ਪਾਰਟੀ ਸਮੇਤ ਮੌਕੇ ਤੇ ਪੁੱਜ ਗਏ। ਇਸ ਦੌਰਾਨ ਡੀ ਐੱਸ ਪੀ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੀ ਮਾਂ ਦੇ ਬਿਆਨਾਂ ਦੇ ਆਧਾਰ ਤੇ ਪਰਚਾ ਦਰਜ ਕਰ ਦਿੱਤਾ ਹੈ। ਕਥਿਤ ਦੋਸ਼ੀ ਦੀ ਗ੍ਰਿਫਤਾਰੀ ਤੋਂ ਬਾਅਦ ਮ੍ਰਿਤਕ ਲੜਕੀ ਮਨਦੀਪ ਕੌਰ ਦੀ ਲਾਸ਼ ਵੀ ਬਰਾਮਦ ਕਰ ਲਈ ਹੈ ਜਿਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਰੁੱਖਾਂ ਤੋਂ ਜਦੋਂ ਮਿਲੇ ਹਰਿਆਲੀ, ਜੀਵਨ ਨੂੰ ਉਦੋਂ ਮਿਲੇ ਖੁਸ਼ਹਾਲੀ - ਡਾ. ਰਜਿੰਦਰ ਕੌਰ



**ਮਾਛੀਵਾੜਾ ਸਾਹਿਬ/ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਰੁੱਖਾਂ ਦਾ ਸਾਡੀ ਜ਼ਿੰਦਗੀ ਵਿਚ ਬੜਾ ਮਹੱਤਵ ਹੈ, ਕਿਉਂਕਿ ਇਹ ਸਾਨੂੰ ਜਿਊਣ ਲਈ ਕੇਵਲ ਆਕਸੀਜ਼ਨ ਹੀ ਮੁਹੱਈਆ ਨਹੀਂ ਕਰਵਾਉਂਦੇ, ਸਗੋਂ ਅਨੇਕਾਂ ਬਿਮਾਰੀਆਂ ਤੋਂ ਵੀ ਸਾਡਾ ਬਚਾਅ ਕਰਨ ਲਈ ਆਪਣਾ ਯੋਗਦਾਨ ਦਿੰਦੇ ਹਨ। ਵਾਤਵਰਨ ਦੀ ਸ਼ੁੱਧਤਾ ਅਤੇ ਗਰਮੀ ਦੇ ਪਾਰੇ ਨੂੰ ਠੱਲ੍ਹ ਪਾਉਣ ਵਿਚ ਇਨ੍ਹਾਂ ਰੁੱਖਾਂ ਦਾ ਪਰਉਪਕਾਰ ਸਾਨੂੰ ਮਨੁੱਖਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੋਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਅੱਜ ਇਸ ਕਾਲਜ ਲਈ ਵਡਭਾਗਾ ਦਿਨ ਹੈ ਕਿ ਸਮਰਾਲਾ ਇਲਾਕੇ ਦੀ ਨਾਮਵਰ ਵਾਤਾਵਰਨ ਪ੍ਰੇਮੀ ਸੰਸਥਾ 'ਦੀ ਸਮਰਾਲਾ ਹਾਕੀ ਕਲੱਬ' ਵੱਲੋਂ ਸਾਡੇ ਵਿਹੜੇ 'ਚ ਹਰਬਲ ਬੂਟਿਆਂ ਦਾ ਬਾਗ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰੁੱਖਾਂ ਤੋਂ ਜਦੋਂ ਸਾਨੂੰ ਹਰਿਆਲੀ ਮਿਲਦੀ ਹੈ, ਉਦੋਂ ਸਾਡੇ ਜੀਵਨ ਵਿਚ ਖੁਸ਼ਹਾਲੀ ਹੀ ਖੁਸ਼ਹਾਲੀ ਆ ਜਾਂਦੀ ਹੈ। ਇਸ ਲਈ ਸਾਨੂੰ ਆਪਣੀ ਜ਼ਿੰਦਗੀ ਵਿਚ ਵੱਧ ਤੋਂ ਵੱਧ ਬੂਟੇ ਲਗਾ ਕੇ ਪਾਲਣੇ ਚਾਹੀਦੇ ਹਨ, ਜਿਸ ਤਰ੍ਹਾਂ ਹਾਕੀ ਕਲੱਬ ਸਮਰਾਲਾ ਦੀ ਸੰਸਥਾ ਆਪਣਾ ਫਰਜ਼ ਨਿਭਾ ਰਹੀ ਹੈ। ਇਸ ਮੌਕੇ ਹਾਕੀ ਕਲੱਬ ਸਮਰਾਲਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਨੇ ਕਿਹਾ ਕਿ ਸਾਡੀ ਸੰਸਥਾ ਵੱਲੋਂ ਘਰ-ਘਰ ਰੁੱਖ ਲਗਾਉਣ ਦੀ ਮੁਹਿੰਮ ਤੋਂ ਬਾਅਦ ਪਿੰਡਾਂ 'ਚ ਖਾਲੀ ਪਈਆਂ ਜਗ੍ਹਾਵਾਂ 'ਤੇ ਜੰਗਲ ਲਗਾਉਣੇ ਸ਼ੁਰੂ ਕੀਤੇ ਗਏ ਹਨ ਅਤੇ ਹੁਣ ਇਸ ਕਾਲਜ ਵਿਚ ਹਰਬਲ ਬੂਟਿਆਂ ਦਾ ਬਾਗ ਲਗਾ ਕੇ ਵਿਦਿਆਰਥਣਾਂ ਨੂੰ ਇਨ੍ਹਾਂ ਰੁੱਖਾਂ ਦੀ ਮਹੱਤਤਾ ਸਮਝਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਨ੍ਹਾਂ ਹਰਬਲ ਬੂਟਿਆਂ ਨੂੰ ਆਪਣੇ ਘਰ੍ਹਾਂ, ਮੋਟਰਾਂ ਜਾਂ ਖੇਤਾਂ ਆਦਿ ਵਿਚ ਲਗਾਉਣੇ ਸ਼ੁਰੂ ਕਰ ਦੇਈਏ ਤਾਂ ਅਸੀਂ ਕਈ ਭਿਆਨਕ ਬਿਮਾਰੀਆਂ ਦਾ ਖਾਤਮਾ ਘਰ ਬੈਠੇ ਹੀ ਕਰ ਸਕਦੇ ਹਾਂ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਪਣੇ ਘਰ੍ਹਾਂ ਦੀਆਂ ਬਗੀਚੀਆਂ 'ਚ ਹਰਬਲ ਬੂਟੇ ਜਿਵੇਂ ਕੜ੍ਹੀ ਪੱਤਾ, ਤੁਲਸੀ, ਐਲੋਵੇਰਾ, ਗਲੋਅ ਆਦਿ ਨੂੰ ਤਾਂ ਗਮਲਿਆਂ ਵਿਚ ਵੀ ਲਗਾਇਆ ਜਾ ਸਕਦਾ ਹੈ ਅਤੇ ਵੱਡੇ ਰੁੱਖਾਂ 'ਚ ਸੁਹੰਝਣਾ, ਹਾਰ-ਸ਼ਿੰਗਾਰ, ਹਰੜ, ਬਹੇੜਾ, ਆਂਵਲਾ, ਨਿੰਮ੍ਹ, ਅਰਜਨ, ਕਪੂਰ ਸਮੇਤ ਹੋਰ ਕਈ ਗੁਣਕਾਰੀ ਰੁੱਖ ਲਗਾਏ ਜਾ ਸਕਦੇ ਹਨ। ਇਸ ਮੌਕੇ ਸੰਸਥਾ ਦੇ ਕੈਸ਼ੀਅਰ ਮਨਦੀਪ ਸਿੰਘ ਰਿਐਤ, ਡਾ. ਰਣਜੀਤ ਕੌਰ, ਮੁਕੇਸ਼ ਸ਼ਰਮਾ, ਕੰਵਲਜੀਤ ਕੌਰ, ਜਗਮਨਜੋਤ ਕੌਰ, ਸੁਰਿੰਦਰਪਾਲ ਸਿੰਘ, ਜਗਜੀਤ ਸਿੰਘ, ਹਰਕਮਲ ਸਿੰਘ ਆਦਿ ਵੀ ਹਾਜ਼ਰ ਸਨ।

# ਵਿਸਾਖੀ ਨੂੰ ਸਮਰਪਿਤ ਖਾਲਸਾਈ ਜਾਹੋ-ਜਲਾਲ ਨਾਲ ਸਜਾਇਆ ਨਗਰ ਕੀਰਤਨ



**ਪਟਿਆਲਾ/ਇਕਬਾਲ ਸਿੰਘ**

ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ ਗੁਰਦੁਆਰਾ ਹੋਤੀ ਮਰਦਾਨ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ @ਚ ਖਾਲਸਾਈ ਜਾਹੋ ਜਲਾਲ ਨਾਲ ਸਜਾਇਆ ਗਿਆ।

ਨਗਰ ਕੀਰਤਨ ਦੀ ਆਰੰਭਤਾ ਗਿਆਨੀ ਪ੍ਰਣਾਮ ਸਿੰਘ( ਹੈਡ ਗ੍ਰੰਥੀ ਗੁਰਦੁਆਰਾ ਦੁਖਨਿਵਾਰਨ ਸਾਹਿਬ ਜੀ )ਵਲੋ ਅਰਦਾਸ ਉਪਰੰਤ ਨਾਲ ਕੀਤੀ ਗਈ ।ਅਰਦਾਸ ਉਪਰੰਤ ਅਦਬ ਅਤੇ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਸਜੀ ਪਾਲਕੀ @ਚ ਸੁਸ਼ੋਭਿਤ ਕੀਤਾ। ਪਾਲਕੀ ਸਾਹਿਬ ਦੇ ਅੱਗੇ ਪੰਜ ਪਿਆਰੇ ਅਤੇ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਚੱਲ ਰਹੀਆਂ ਸੰਗਤਾਂ ਨਾਲ ਨਗਰ ਕੀਰਤਨ ਖਿੱਚ ਦਾ ਕੇਂਦਰ ਬਣਿਆ ਹੋਇਆ ਸਨ।ਇਸ ਮੌਕੇ ਪਟਿਆਲੇ ਦੀਆਂ ਮਸ਼ਹੂਰ ਹਸਤਿਆ ਨੇ ਨਗਰ ਕੀਰਤਨ ਵਿਚ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਪੰਜ ਪਿਆਰਿਆਂ ਨੂੰ ਸਿਰੋਪਾ ਭੇਟ ਕੀਤਾ ਇਸ ਮੌਕੇ ਸੁਰਜੀਤ ਸਿੰਘ ਕੋਹਲੀ ਅਤੇ ਪ੍ਰਨਾਮ ਸਿੰਘ (ਹੈਡ ਗ੍ਰੰਥੀ ਦੂਖ ਨਿਵਾਰਨ ਸਾਹਿਬ) ਵਲੋ ਸੰਗਤਾਂ ਨੂੰ ਵਿਸਾਖੀ ਦੀ ਵਧਾਈ ਦਿੱਤੀ । ਫੁੱਲਾਂ ਦੀ ਨਾਲ ਸਜੀ ਪਾਲਕੀ ਦੇ ਨਾਲ ਸੰਗਤਾਂ ਥਾਣੀ ਸਿਮਰਨ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ। ਗੱਤਕਾ ਪਾਰਟੀ,ਬੈਡ ਪਾਰਟੀਆ ਵਲੋ ਆਪਣੇ ਆਪਣੇ ਕਰਤੱਵ ਦਿਖਾਏ ਗਏ।

# ਜੀ.ਐਨ.ਈ ਕਾਲਜ ਦੇ ਸਿਵਲ ਸਟਾਫ਼ ਵੱਲੋਂ ਕਢਾਇਆ ਗਿਆ ਬੱਚਿਆਂ ਦਾ ਸਿੱਖਿਆ ਟੂਰ



**ਲੁਧਿਆਣਾ/ਲੋਕ ਬਾਣੀ:-** ਜੀ.ਐਨ.ਈ ਕਾਲਜ ਦੇ ਸਿਵਲ ਬ੍ਰਾਂਚ ਦੇ ਵਿਦਿਆਰਥੀਆਂ ਨੂੰ ਤਿੰਨ ਦਿਨ ਦੇ ਸਿੱਖਿਆ ਟੂਰ ਤੇ ਲਿਜਾਇਆ ਗਿਆ। ਸਭ ਤੋਂ ਪਹਿਲੇ ਦਿਨ ਉਹਨਾਂ ਨੂੰ ਭਾਖੜਾ ਡੈਮ ਅਤੇ ਨੰਗਲ ਡੈਮ ਦਾ ਦੌਰਾ ਕਰਵਾਇਆ ਗਿਆ ਜਿੱਥੇ ਓਹਨਾਂ ਨੂੰ ਡੈਮ ਦਾ ਸਰਵੇਖਣ ਕਰਦੇ ਕਰਦੇ ਉਸਦੇ ਹਿੱਸਿਆਂ ਬਾਰੇ ਪੜ੍ਹਾਇਆ ਗਿਆ ਅਤੇ ਉਸਦੇ ਸਾਰੇ ਕੰਮਾਂ ਬਾਰੇ ਦੱਸਿਆ ਗਿਆ। ਸਿਵਲ ਬ੍ਰਾਂਚ ਦੇ ਅਧਿਆਪਕਾਂ ਵੱਲੋਂ ਡੈਮ ਦੇ ਜ਼ਰੂਰੀ ਕੰਮਾਂ ਦਾ ਵੇਰਵਾ ਦਿੱਤਾ ਗਿਆ ਅਤੇ ਰਾਤ ਨੂੰ ਮਸ਼ਹੂਰ ਗੁਰਦਵਾਰੇ ਪਾਉਂਟਾ ਸਾਹਿਬ ਲਿਜਾ ਕੇ ਵਿਦਿਆਰਥੀਆਂ ਨੂੰ ਨਮਸਤਕ ਕਰਾਇਆ ਗਿਆ। ਸਿੱਖਿਆ ਟੂਰ ਦੇ ਅਗਲੇ ਦਿਨ ਦੇਹਰਾਦੂਨ ਦੀਆਂ ਨਹਿਰਾਂ ਦਿਖਾਈਆਂ ਗਈਆਂ ਅਤੇ ਓਹਨਾਂ ਬਾਰੇ ਦੱਸਿਆ ਗਿਆ। ਇਸਤੋਂ ਬਾਅਦ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਮਨੋਰੰਜਨ ਨੂੰ ਮੱਦੇ ਨਜ਼ਰ ਰੱਖਦੇ ਪਹਾੜਾਂ ਦੀ ਰਾਣੀ ਮਸੂਰੀ ਲਿਜਾਇਆ ਗਿਆ ਅਤੇ ਇਸ ਨਾਲ ਵਿਦਿਆਰਥੀਆਂ ਨੂੰ ਪਹਾੜ ਘੁੰਮਣ ਦਾ ਵੀ ਮੌਕਾ ਮਿਲਿਆ। ਅਤੇ ਫ਼ਿਰ ਰਾਤ ਸਮੇਂ ਰਿਸ਼ੀਕੇਸ਼ ਦੇ ਮਸ਼ਹੂਰ ਗੁਰਦਵਾਰੇ ਵਿੱਖੇ ਰਾਤ ਠਹਰਾਈ ਗਈ। ਫ਼ਿਰ ਤੀਸਰੇ ਦਿਨ ਪੜ੍ਹਾਈ ਵੱਲ ਧਿਆਨ ਦਿੰਦੇ ਹੋਏ ਬੱਚਿਆਂ ਦਾ ਪਹਾੜਾਂ ਵਿੱਚ ਬਿਠਾ ਕੇ ਟੈਸਟ ਵੀ ਲਿਆ ਗਿਆ ਅਤੇ ਫ਼ਿਰ ਰਿਸ਼ੀਕੇਸ਼ ਵਿੱਖੇ ਕੁੱਝ ਸਮਾਂ ਘੁੰਮਣ ਨੂੰ ਵੀ ਦਿੱਤਾ ਗਿਆ। ਇਸਤੋਂ ਬਾਅਦ ਬਹੁਤ ਹੀ ਪ੍ਰਸਿੱਧ ਅਤੇ ਧਾਰਮਿਕ ਸਥਾਨ ਹਰਿਦਵਾਰ ਵਿੱਖੇ ਵਿਦਿਆਰਥੀਆਂ ਨੂੰ ਲਿਜਾਇਆ ਗਿਆ। ਵਿਦਿਆਰਥੀਆਂ ਵਲੋਂ ਕਿਹਾ ਗਿਆ ਕਿ ਅਸੀਂ ਖਾਸ ਤੌਰ ਤੇ ਸਾਡੀ ਪ੍ਰਿੰਸੀਪਲ ਸ੍ਰੀਮਤੀ ਸਰਬਜੀਤ ਕੌਰ ਜੀ ਦੇ ਧੰਨਵਾਦੀ ਹਾਂ ਕਿ ਓਹਨਾਂ ਨੇ ਸਾਨੂੰ ਟੂਰ ਤੇ ਜਾਣ ਦੀ ਇਜਾਜ਼ਤ ਦਿੱਤੀ।ਵਿਦਿਆਰਥੀਆਂ ਵੱਲੋਂ ਜਾਣਕਾਰੀ ਦਿੰਦਿਆ ਇਹ ਦੱਸਿਆ ਗਿਆ ਕਿ ਓਹਨਾਂ ਦੇ ਹਰਮਨ ਪਿਆਰੇ ਅਧਿਆਪਕ ਅਤੇ ਸਿਵਲ ਬ੍ਰਾਂਚ ਦੇ ਹੈਡ ਆਫ ਡਿਪਾਰਟਮੇਂਟ ਗੁਰਚਰਨ ਸਿੰਘ ਵੱਲੋਂ ਟੂਰ ਲਈ ਇੱਕ ਵਾਰ ਵੀ ਮਨਾ ਨਹੀਂ ਕੀਤਾ ਗਿਆ। ਸਿੱਖਿਆ ਟੂਰ ਤੇ ਵਿਦਿਆਰਥੀਆਂ ਦੇ ਨਾਲ ਸਿਵਲ ਇੰਜੀਅਰਿੰਗ ਲੈਕਚਰਾਰ ਸਾਹਵਾਜ ਸਿੰਘ ਬੜੈਚ ਅਤੇ ਸਿਵਲ ਇਜੀਨੀਅਰਿੰਗ ਲੈਕਚਰਾਰ ਕੁਲਰਾਜ ਸਿੰਘ ਵੀ ਟੂਰ ਤੇ ਮਜੂਦ ਸਨ।

# ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ (ਰਜਿ.) ਵੱਲੋਂ ਸੀਨੀਅਰ ਸਿਟੀਜ਼ਨ ਭਵਨ ਵਿਖੇ ਗ੍ਰਹਿ ਪਰਵੇਸ਼ ਤੇ ਧੰਨਵਾਦ ਸਮਾਰੋਹ ਆਯੋਜਿਤ




**ਲੁਧਿਆਣਾ/ਸੁਖਚੈਨ ਮਹਿਰਾ**

ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ (ਰਜਿ.), ਲੁਧਿਆਣਾ ਵੱਲੋਂ ਅੱਜ ਲੁਧਿਆਣਾ ਦੇ ਨਿਰਮਾਣ ਅਧੀਨ ਸੀਨੀਅਰ ਸਿਟੀਜ਼ਨ ਭਵਨ ਵਿਖੇ ਗ੍ਰਹਿ ਪਰਵੇਸ਼ ਅਤੇ ਧੰਨਵਾਦ ਸਮਾਰੋਹ ਦਾ ਆਯੋਜਨ ਕੀਤਾ ਗਿਆ। ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨਜ਼ ਭਵਨ ਨਗਰ ਸੁਧਾਰ ਟਰੱਸਟ ਲੁਧਿਆਣਾ ਵੱਲੋਂ ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨਜ਼ ਵੈਲਫੇਅਰ ਐਸੋਸੀਏਸ਼ਨ ਨੂੰ ਅਲਾਟ ਕੀਤੀ ਗਈ 500 ਵਰਗ ਗਜ਼ ਦੇ ਪਲਾਟ ਵਿੱਚ ਬਣਾਇਆ ਜਾ ਰਿਹਾ ਹੈ।

ਇਸ ਮੌਕੇ ਹਲਕਾ ਪੱਛਮੀ ਵਿਧਾਇਕ ਸ੍ਰੀ ਗੁਰਪ੍ਰੀਤ ਬੱਸੀ ਗੋਗੀ ਅਤੇ ਹਲਕਾ ਕੇਂਦਰੀ ਵਿਧਾਇਕ ਸ੍ਰੀ ਅਸ਼ੋਕ ਪਰਾਸ਼ਰ ਪੱਪੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।

ਸੀਨੀਅਰ ਪੱਤਰਕਾਰ ਅਤੇ ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਕੇ ਐਸ ਚਾਵਲਾ ਨੇ ਭਾਗੀਦਾਰਾਂ ਦਾ ਸਵਾਗਤ ਕਰਦਿਆਂ ਆਪ ? ਵਿਧਾਇਕਾਂ ਦਾ ਧਿਆਨ ਛੋਟੇ ਉਦਯੋਗਾਂ ਦੀ ਰਾਜਧਾਨੀ ਲੁਧਿਆਣਾ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵੱਲ ਦਿਵਾਇਆ।

ਵਿਧਾਇਕਾਂ ਸ੍ਰੀ ਗੋਗੀ ਅਤੇ ਸ੍ਰੀ ਪੱਪੀ ਪਰਾਸ਼ਰ ਨੇ ਹਾਜ਼ਰੀਨ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਕੋਲ ਚੁੱਕਣਗੇ ਅਤੇ ਲੁਧਿਆਣਾ ਵਾਸੀਆਂ ਦਾ ਭਰੋਸਾ ਬਹਾਲ ਕਰਨਗੇ।

ਇਸ ਤੋਂ ਪਹਿਲਾਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ. ਮਲਕੀਤ ਸਿੰਘ ਰਾਏ ਨੇ ਰਾਜਗੁਰੂ ਨਗਰ ਸੀਨੀਅਰ ਸਿਟੀਜ਼ਨਜ਼ ਵੈਲਫੇਅਰ ਐਸੋਸੀਏਸ਼ਨ (ਰਜਿ.) ਲੁਧਿਆਣਾ ਦੇ ਗਠਨ ਦਾ ਇਤਿਹਾਸ ਦੱਸਿਆ ਅਤੇ @ਆਪ@ ਵਿਧਾਇਕਾਂ ਤੋਂ ਹੋਰ ਫੰਡਾਂ ਦੀ ਮੰਗ ਕੀਤੀ। ਸੀਨੀਅਰ ਸਿਟੀਜ਼ਨ ਭਵਨ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਅਰਦਾਸ ਕੀਤੀ ਗਈ।

# ਹਲਕੇ ਦਾ ਵਿਕਾਸ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੀਤਾ ਜਾਵੇਗਾ : ਗੁਰਪਾਲ ਸਿੰਘ ਇੰਡੀਅਨ



**ਕਪੂਰਥਲਾ/ਪਰਮਜੀਤ ਸੰਨੀ**

ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਪਾਲ ਸਿੰਘ ਇੰਡੀਅਨ ਨੇ ਕਿਹਾ ਹੈ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਹਰ ਲੋੜਵੰਦ ਅਤੇ ਗਰੀਬ ਪਰਿਵਾਰ ਨੂੰ ਹਰ ਸਹੂਲਤ ਦਿੱਤੀ ਜਾਵੇਗੀ ਅਤੇ ਲੋਕ ਭਲਾਈ ਸਕੀਮਾਂ ਹਰ ਲੋੜਵੰਦ ਪਰਿਵਾਰ ਤੱਕ ਬਿਨ੍ਹਾਂ ਕਿਸੇ ਭੇਦ-ਭਾਵ ਦੇ ਦਿੱਤੀ ਜਾਵੇਗੀ।ਅੱਜ ਕਪੂਰਥਲਾ ਦੇ ਪਿੰਡ ਬਹੂਈ ਵਿਖੇ ਆਪ ਵਾਲੰਟੀਅਰਾਂ ਤੇ ਵੋਟਰਾਂ ਦਾ ਧੰਨਵਾਦ ਕਰਨ ਲਈ ਰੱਖੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਪ ਦੀ ਸੀਨੀਅਰ ਆਗੂ ਮੈਡਮ ਮੰਜੂ ਰਾਣਾ ਨੇ ਕਿਹਾ ਕਿ ਉਹ ਹਲਕਾ ਵਾਸੀਆਂ ਦੀ ਬਹੁਤ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਵੋਟਾਂ ਪਾਇਆ।ਉਨ੍ਹਾਂ ਕਿਹਾ ਕਿ ਆਪ ਦੀ ਸਰਕਾਰ ਵਲੋਂ ਹਲਕੇ ਦਾ ਵਿਕਾਸ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੀਤਾ ਜਾਵੇਗਾ ਅਤੇ ਪਿੰਡਾਂ ਵਿੱਚ ਸਾਰੀਆਂ ਬੁਨਿਆਦੀ ਸਹੂਲਤਾਂ ਪਹਿਲ ਦੇ ਅਧਾਰ 'ਤੇ ਮੁਹੱਈਆ ਕਰਵਾਈਆਂ ਜਾਣਗੀਆਂ।ਗੁਰਪਾਲ ਸਿੰਘ ਇੰਡੀਅਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਨਾਗਰਿਕ ਨੂੰ ਇੱਕ ਹੈਲਥ ਕਾਰਡ ਜਾਰੀ ਕੀਤਾ ਜਾਵੇਗਾ,ਜਿਸ ਤੇ ਸਮੁੱਚੀ ਜਾਣਕਾਰੀ ਪੂਰੀ ਤਰਾਂ ਡਿਜੀਟਲ ਹੋਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਦਿੱਲੀ ਸਰਕਾਰ ਦੀ 'ਫਰਿਸਤੇ'ਸਕੀਮ ਦੀ ਤਰਜ ਤੇ ਇੱਕ ਸਕੀਮ ਸੁਰੂ ਕਰੇਗੀ ਜਿਸ ਤਹਿਤ ਕੋਈ ਵੀ ਵਿਅਕਤੀ ਸੜਕ ਹਾਦਸੇ ਦੇ ਪੀੜਤ ਨੂੰ ਕਿਸੇ ਵੀ ਹਸਪਤਾਲ ਵਿੱਚ ਲੈ ਜਾ ਸਕਦਾ ਹੈ, ਜਿੱਥੇ ਉਸ ਦਾ ਮੁਫਤ ਇਲਾਜ ਕੀਤਾ ਜਾਵੇਗਾ।ਇੰਡੀਅਨ ਨੇ ਕਿਹਾ ਕਿ ਸਰਕਾਰ ਮਹਿਲਾਵਾਂ ਲਈ ਇੱਕ ਵਿਸ਼ੇਸ਼ ਯੋਜਨਾ ਤਿਆਰ ਕਰੇਗੀ,ਜਿਸ ਤਹਿਤ 18 ਸਾਲ ਤੋਂ ਵੱਧ ਉਮਰ ਦੀ ਹਰ ਮਹਿਲਾ ਨੂੰ 1000 ਰੁਪਏ ਪ੍ਰਤੀ ਮਹੀਨਾ ਮੁਹੱਈਆ ਕਰਵਾਏ ਜਾਣਗੇ ਜਦਕਿ ਬਜੁਰਗ ਮਹਿਲਾਵਾਂ ਨੂੰ ਸੀਨੀਅਰ ਨਾਗਰਿਕਾਂ ਵਜੋਂ ਮਿਲਦੀ ਪੈਨਸਨ ਤੋਂ ਇਲਾਵਾ 1000 ਰੁਪਏ ਦਿੱਤੇ ਜਾਣਗੇ।ਉਨਾਂ ਅੱਗੇ ਕਿਹਾ ਕਿ ਸਰਕਾਰ ਸਿੱਖਿਆ ਖੇਤਰ ਦੇ ਮੁਕੰਮਲ ਕਾਇਆ ਕਲਪ ਲਈ ਕੰਮ ਕਰੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰੀ ਸਕੂਲਾਂ ਵਿੱਚ ਦਿੱਤੀ ਜਾਂਦੀ ਸਿੱਖਿਆ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਬਿਹਤਰ ਹੋਵੇ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਹਰੇਕ ਘਰ ਨੂੰ 300 ਯੂਨਿਟ ਮੁਫਤ ਬਿਜਲੀ ਦੇਣ ਲਈ ਵਚਨਬੱਧ ਹੈ ਜਿਸ ਨਾਲ ਲਗਭਗ 80 ਫ਼ੀਸਦੀ ਘਰਾਂ ਵਿੱਚ ਬਿਜਲੀ ਦਾ ਬਿੱਲ ਖਤਮ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਕੀਤੇ ਹਰ ਵਾਅਦੇ ਨੂੰ ਪੂਰਾ ਕੀਤਾ ਜਾਵੇਗਾ।ਇਸ ਮੌਕੇ ਅਨਮੋਲ ਕੁਮਾਰ,ਸੁਰਜੀਤ ਸਿੰਘ,ਕਰਨ ਦੀਕਸ਼ਿਤ,ਕੁਲਵਿੰਦਰ ਚਾਹਲ,ਜਗਜੀਵਨ ਭਿੰਡਰ,ਗੌਰਵ ਕੰਡਾ,ਗੋਵਿੰਦ ਕੁਮਾਰ,ਗੁਰਪ੍ਰੀਤ ਸਿੰਘ,ਸ਼ੇਖਰ ਕੁਮਾਰ,ਸੂਬੇਦਾਰ ਅਮਰਜੀਤ ਸਿੰਘ,ਦਲਜੀਤ ਸਿੰਘ,ਜਰਨੈਲ ਸਿੰਘ ਸਰੂਪ ਲਾਲ, ਬਲਬੀਰ ਸਿੰਘ,ਸੁਦੇਸ਼ ਕੁਮਾਰ,ਰੋਹਿਤ,ਦੇਵ,ਸੁਖਦੇਵ ਸਿੰਘ,ਸੁਲੱਖਣ ਸਿੰਘ ਕੁਲਦੀਪ ਸਿੰਘ,ਸੁਖਦੇਵ ਗਿੱਲ,ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਗੁਰਦੁਆਰਾ ਗਊਘਾਟ ਵਿਖੇ ਖਾਲਸਾ ਪੰਥ ਦਾ ਸਾਜਣਾ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ






**ਲੁਧਿਆਣਾ/ਲੋਕ ਬਾਣੀ**

ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਗਊਘਾਟ ਵਿਖੇ ਖਾਲਸਾ ਪੰਥ ਦਾ ਸਾਜਣਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਬੜੇ ਪ੍ਰੇਮ, ਸਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਅਖੰਡ-ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਵਿਸ਼ੇਸ਼ ਦੀਵਾਨ ਵਿੱਚ ਭਾਈ ਸੋਹਨ ਸਿੰਘ ਸਿੰਘ ਹੈਂਡਗ੍ਰੰਥੀ ਗੁਰਦੁਆਰਾ ਗਊਘਾਟ, ਭਾਈ ਸੁਰਜੀਤ ਸਿੰਘ ਹੈਂਡਗ੍ਰੰਥੀ ਗੁਰਦੁਆਰਾ ਇਕਬਾਲਗੰਜ, ਭਾਈ ਈਸ਼ਰ ਸਿੰਘ, ਭਾਈ ਜਰਨੈਲ ਸਿੰਘ, ਭਾਈ ਸਤਨਾਮ ਸਿੰਘ ਜੀ ਤਿੰਨੇ ਹਜ਼ੂਰੀ ਰਾਗੀ ਗੁਰਦੁਆਰਾ ਗਊਘਾਟ, ਭਾਈ ਰਜਿੰਦਰ ਸਿੰਘ ਚੌਂਕੀਮਾਨ, ਭਾਈ ਅਮਰਜੀਤ ਸਿੰਘ ਲੁਧਿਆਣਾ, ਭਾਈ ਉਮਪ੍ਰੀਤ ਸਿੰਘ ਸ੍ਰੀ ਹਜ਼ੂਰ ਸਾਹਿਬ, ਬੀਬੀ ਗੁਰਮੀਤ ਕੌਰ ਖ਼ਾਲਸਾ ਲੁਧਿਆਣਾ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਰੋਵਰ ਵਿੱਚ ਹਜ਼ਾਰਾਂ ਸੰਗਤਾਂ ਨੇ ਇਸ਼ਨਾਨ ਕੀਤਾ। ਲੁਧਿਆਣਾ ਯੂਥ ਫੈਡਰੇਸ਼ਨ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸੱਤਿਅਮ ਹਸਪਤਾਲ ਅਤੇ ਡੀ.ਐਮ.ਸੀ. ਹਸਪਤਾਲ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਾਇਆ ਗਿਆ। ਕੈਂਪ ਵਿੱਚ 105 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਕੁਲਵੰਤ ਸਿੰਘ ਧੂੰਨਾ ਨੇ 139ਵੀਂ ਵਾਰ ਖ਼ੂਨਦਾਨ ਕੀਤਾ। ਖ਼ੂਨਦਾਨ ਕਰਨ ਵਾਲਿਆਂ ਨੂੰ ਫੈਡਰੇਸ਼ਨ ਵੱਲੋਂ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਖ਼ਾਲਸਾ ਪੰਥ ਦੇ ਸਾਜਣਾ ਦਿਵਸ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਗੁਰਦੁਆਰਾ ਸਾਹਿਬ ਦੇ ਰਸੀਵਰ ਸ੍ਰ: ਹਰਬੇਅੰਤ ਸਿੰਘ, ਮੈਨੇਜਰ ਜਰਮਨਜੀਤ ਸਿੰਘ, ਮੈਨੇਜਰ ਸ਼ਮਸ਼ੇਰ ਸਿੰਘ, ਭਾਈ ਲਖਵਿੰਦਰ ਸਿੰਘ ਮੀਤ ਮੈਨੇਜਰ, ਭਾਈ ਸੁਖਵਿੰਦਰ ਸਿੰਘ ਸਟੋਰ ਕੀਪਰ, ਭਾਈ ਮਲਕੀਤ ਸਿੰਘ ਇੰਚਾਰਜ, ਭਾਈ ਹਰਪਾਲ ਸਿੰਘ ਕਲਰਕ, ਭਾਈ ਗੁਰਬਿੰਦਰ ਸਿੰਘ ਤੋਂ ਇਲਾਵਾ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਸ਼ਾਮਲ ਸਨ। ਇਸ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਗੁਰੂ ਕਾ ਲੰਗਰ ਦੇ ਨਾਲ-ਨਾਲ ਚਾਵਲ-ਨਿਊਟਰੀ ਦਾ ਲਗਰ ਵੀ ਅਤੁੱਟ ਵਰਤਾਇਆ ਗਿਆ।

# ਧਨਸ਼੍ਰੀ ਵਰਮਾ ਚਹਿਲ ਅਭਿਨੀਤ ਅਪਾਰਸ਼ਕਤੀ ਖੁਰਾਨਾ ਦਾ 'ਬੱਲੇ ਨੀ ਬੱਲੇ' 2022 ਦਾ ਜਨਰੇਸ਼ਨ-ਜੈਡ ਬ੍ਰੇਕਅਪ ਗੀਤ ਹੈ




**ਚੰਡੀਗੜ੍ਹ/ਲੋਕ ਬਾਣੀ**

ਬਹੁਮੁਖੀ ਹੁਨਰ ਦੇ ਧਣੀ, ਅਪਾਰਸ਼ਕਤੀ ਖੁਰਾਨਾ ਨੇ ਸੋਨੀ ਮਿਊਜਿਕ ਇੰਟਰਟੇਨਮੈਂਟ ਦੇ ਨਾਲ ਆਪਣੇ ਲੇਟੇਸਟ ਪੌਪ ਸਿੰਗਲ, @ਬੱਲੇ ਨੀ ਬੱਲੇ@ ਦੇ ਲਾਂਚ ਦਾ ਐਲਾਨ ਕੀਤਾ । ਖੁਰਾਨਾ ਦੀ ਸੁਰੀਲੀ ਅਵਾਜ @ਚ ਕੰਪੋਜ ਕੀਤਾ ਗਿਆ ਗੀਤ, @ਬੱਲੇ ਨੀ ਬੱਲੇ@ ਸਭ ਤੋਂ ਅਲੱਗ ਹੈ ਅਤੇ ਮਨ ਨੂੰ ਹਲਕਾ ਕਰਨ ਵਾਲਾ ਇੱਕ ਵਿਚਤਿਰ ਗੀਤ ਹੈ, ਜਿਸਦੀ ਧੁੰਨ @ਤੇ ਤੁਹਾਡੇ ਕਦਮ ਖੁਦ ਹੀ ਥਿਰਕਣ ਲੱਗਣਗੇ । ਲੋ-ਫਾਈ ਧੁੰਨਾਂ ਦੇ ਨਾਲ ਇਸਦਾ ਗੀਤ ਆਕਰਸ਼ਕ ਟਰੈਕ ਸਿਧਾਰਥ ਅਮਿਤ ਭਵਸਾਰ ਵੱਲੋਂ ਕੰਪੋਜ ਕੀਤਾ ਗਿਆ ਹੈ ਅਤੇ ਇਸਦੇ ਦਿਲ ਨੂੰ ਛੂਹ ਲੈਣ ਵਾਲੇ ਬੋਲ ਗੁਰਪ੍ਰੀਤ ਸੈਣੀ ਨੇ ਲਿਖੇ ਹਨ ।


ਇਸ ਸ਼ਾਨਦਾਰ ਮਿਊਜਿਕ ਵੀਡਿਓ @ਚ, ਅਦਾਕਾਰ ਅਤੇ ਗਾਇਕ, ਅਪਾਰਸ਼ਕਤੀ ਦੇ ਨਾਲ ਖ਼ੂਬਸੂਰਤ ਡਾਂਸਰ ਅਤੇ ਕੋਰਿਓਗ੍ਰਾਫਰ, ਧੰਨਸ੍ਰੀ ਵਰਮਾ ਚਹਿਲ ਦਿਖਾਈ ਦੇਵੇਗੀ, ਜਿਨ੍ਹਾਂ ਨੇ ਆਕਰਸ਼ਕ ਹੁੱਕ ਸਟੈਪ ਵੀ ਕੋਰਿਓਗ੍ਰਾਫ ਕੀਤਾ ਹੈ । ਇਸ ਵੀਡਿਓ @ਚ ਅਧੁਨਿਕ ਸਮੇਂ ਦੇ ਬਾਲਗਾਂ ਦੇ ਵਿਚਕਾਰ ਦੀ ਬੇਫਿਕਰ ਕੈਮਿਸਟਰੀ ਦਿਖਾਈ ਗਈ ਹੈ, ਜਿਨ੍ਹਾਂ ਨੂੰ ਮਿਲ ਕੇ ਸਮਾਂ ਬਿਤਾਉਣ @ਚ ਆਨੰਦ ਆਉਂਦਾ ਹੈ ਪਰ ਉਹ ਆਪਣੇ ਵਿਚਕਾਰ ਦੇ ਪਿਆਰ ਨੂੰ ਤੁਰੰਤ ਖਤਮ ਕਰਕੇ ਆਪਸ @ਚ ਅੱਗੇ ਵਧਣ ਦਾ ਫੈਸਲਾ ਵੀ ਕਰ ਲੈਂਦੇ ਹਨ । ਇਸ ਵੀਡਿਓ @ਚ ਦਿਲ ਦੇ ਟੁੱਟਣ ਦਾ ਇੱਕ ਤਾਜਗੀ ਭਰਿਆ ਪਹਿਲੂ ਦਿਖਾਇਆ ਗਿਆ ਹੈ, ਜਿਸਦੀ ਜਰੂਰਤ ਸਾਨੂੰ ਸਾਰਿਆਂ ਨੂੰ ਹੈ ।

ਇਸ ਗੀਤ ਦੇ ਲਾਂਚ ਦੇ ਬਾਰੇ @ਚ ਅਪਾਰਸ਼ਕਤੀ ਖੁਰਾਨਾ ਨੇ ਦੱਸਿਆ, @ਮੈਨੂੰ ਹਮੇਸ਼ਾ ਤੋਂ ਸੰਗੀਤ ਦਾ ਬਹੁਤ ਜਿਆਦਾ ਸ਼ੌਕ ਰਿਹਾ ਹੈ ਅਤੇ ਸੋਨੀ ਮਿਊਜਿਕ ਇੰਡੀਆ ਦੇ ਨਾਲ ਦਰਸ਼ਕਾਂ ਨੂੰ @ਬੱਲੇ ਨੀ ਬੱਲੇ@ ਪੇਸ਼ ਕਰਦੇ ਹੋਏ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ ।@

ਧੰਨਸ੍ਰੀ ਵਰਮਾ ਚਹਿਲ ਨੇ ਕਿਹਾ, @ਇਹ ਗੀਤ ਸੁਣਦੇ ਹੀ ਮੈਨੂੰ ਬਹੁਤ ਪਸੰਦ ਆਇਆ ਅਤੇ ਮੈਂ ਤੁਰੰਤ ਸਮਝ ਗਈ ਸੀ ਕਿ ਇਸਨੂੰ ਕੋਰਿਓਗ੍ਰਾਫ ਕਰਨਾ ਚੁਣੌਤੀ ਭਰਿਆ ਹੋਵੇਗਾ । ਅਪਾਰ @ਚ ਬਹੁਤ ਜਿਆਦਾ ਜੋਸ਼ ਹੈ ਅਤੇ ਮੈਨੂੰ ਹਮੇਸ਼ਾ ਅਜਿਹੇ ਲੋਕਾਂ ਦੇ ਨਾਲ ਕੰਮ ਕਰਨ @ਚ ਆਨੰਦ ਆਉਂਦਾ ਹੈ ਜਿਹੜੇ ਆਪਣੇ ਕੰਮ ਦੇ ਪ੍ਰਤੀ ਐਨੇ ਸਮਰਪਿਤ ਹੁੰਦੇ ਹਨ ।

# ਨਾਟਕਕਾਰ ਮਾਸਟਰ ਤਰਲੋਚਨ ਸਿੰਘ ਗੁਰਸਰਨ ਸਿੰਘ ਪੁਰਸਕਾਰ ਨਾਲ ਸਨਮਾਨਿਤ

**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**



ਲੇਖਕ ਮੰਚ (ਰਜਿ:) ਸਮਰਾਲਾ ਦੇ ਪ੍ਰਧਾਨ ਅਤੇ ਉੱਘੇ ਨਾਟਕਕਾਰ ਮਾਸਟਰ ਤਰਲੋਚਨ ਸਿੰਘ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਨਾਟਕਕਾਰ ਭਾਅ ਜੀ ਗੁਰਸਰਨ ਸਿੰਘ ਪੁਰਸਕਾਰ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਜਿਸ ਵਿਚ ਪੁਰਸਕਾਰ ਪ੍ਰਾਪਤਕਰਤਾ ਨੂੰ 21000/- ਰੁਪਏ ਬਤੌਰ ਇਨਾਮ ਦੀ ਰਾਸ਼ੀ ਪ੍ਰਦਾਨ ਕੀਤੀ ਜਾਵੇਗੀ। ਇਹ ਪੁਰਸਕਾਰ ਅਕਾਦਮੀ ਵਲੋਂ ਆਯੋਜਿਤ ਇੱਕ ਵਿਸ਼ੇਸ ਸਮਾਰੋਹ ਦੌਰਾਨ ਇਨਾਮ ਪ੍ਰਾਪਤਕਰਤਾਵਾਂ ਨੂੰ ਸਨਮਾਨਿਤ ਕਰਕੇ ਦਿੱਤਾ ਜਾਵੇਗਾ। ਪੁਰਸਕਾਰਾਂ ਵਿਚ ਨਕਦ ਰਾਸ਼ੀ ਤੋਂ ਬਿਨਾਂ ਸਨਮਾਨ ਪੱਤਰ, ਚਿੰਨ੍ਹ ਅਤੇ ਦੁਸ਼ਾਲਾ ਪ੍ਰਦਾਨ ਕੀਤਾ ਜਾਵੇਗਾ। ਪੁਰਸਕ੍ਰਿਤ ਸਖਸ਼ੀਅਤ ਬਾਰੇ ਖੋਜ ਪੱਤਰ ਵੀ ਲਿਖਵਾਇਆ ਜਾਵੇਗਾ। ਕਹਾਣੀਕਾਰ ਸੁਖਜੀਤ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਇੱਕ ਅਹਿਮ ਮੀਟਿੰਗ ਅਕਾਦਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਡਾ. ਸੁਰਜੀਤ ਪਾਤਰ, ਡਾ. ਰਵਿੰਦਰ ਭੱਠਲ, ਪ੍ਰੋ. ਡਾ. ਗੁਰਭਜਨ ਸਿੰਘ ਗਿੱਲ (ਤਿੰਨੇ ਸਾਬਕਾ ਪ੍ਰਧਾਨ) ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾ. ਐਸ ਪੀ ਸਿੰਘ ਅਤੇ ਕਹਾਣੀਕਾਰ ਸੁਖਜੀਤ ਸਾਮਲ ਸਨ। ਪੁਰਸਕਾਰ ਕਮੇਟੀ ਨੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਲੇਖਕਾਂ ਨੂੰ ਵਧਾਈ ਦਿੰਦਿਆਂ ਉਹਨਾਂ ਦੇ ਪੰਜਾਬੀ ਸਾਹਿਤ, ਭਾਸਾ ਅਤੇ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਕਹਾਣੀਕਾਰ ਸੁਖਜੀਤ ਅਨੁਸਾਰ ਪ੍ਰਧਾਨਗੀ ਮੰਡਲ ਅਤੇ ਪੁਰਸਕਾਰ ਪੜਤਾਲ ਕਮੇਟੀ ਵਲੋਂ ਡੂੰਘੇ ਵਿਚਾਰ ਵਟਾਂਦਰੇ ਉਪਰੰਤ ਇੱਕ ਰਾਏ ਬਣਾ ਕੇ ਸਰਬਸੰਮਤੀ ਨਾਲ ਇਹਨਾਂ ਪੁਰਸਕਾਰਾਂ ਦੀ ਘੋਸਣਾ ਕੀਤੀ ਗਈ। ਜਿਹਨਾਂ ਵਿਚ ਮਾਸਟਰ ਤਰਲੋਚਨ ਸਿੰਘ ਸਮਰਾਲਾ ਤੋਂ ਇਲਾਵਾ ਸਾਹਿਤ ਦੇ ਵੱਖ ਵੱਖ ਖੇਤਰਾਂ ਵਿਚ ਕੰਮ ਕਰਨ ਵਾਲੇ ਸੱਤ ਹੋਰ ਲੇਖਕਾਂ ਨੂੰ ਵੀ ਪੁਰਸਕਾਰ ਲਈ ਚੁਣਿਆ ਗਿਆ ਹੈ। ਕਹਾਣੀਕਾਰ ਸੁਖਜੀਤ ਨੇ ਦੱਸਿਆ ਕਿ ਸਾਰੇ ਪੁਰਸਕਾਰਾਂ ਦਾ ਫੈਸਲਾ ਸਰਬਸੰਮਤੀ ਨਾਲ ਹੋਇਆ। ਲੇਖਕ ਮੰਚ (ਰਜਿ:) ਸਮਰਾਲਾ ਦੇ ਪ੍ਰਧਾਨ ਨਾਟਕਕਾਰ ਮਾਸਟਰ ਤਰਲੋਚਨ ਸਿੰਘ ਸਮਰਾਲਾ ਨੂੰ ਪੁਰਸਕਾਰ ਦੇਣ ਦੇ ਐਲਾਨ ਤੇ ਵੱਡੀ ਗਿਣਤੀ ਵਿਚ ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਜਕਰਤਾਵਾਂ ਵਲੋਂ ਵਧਾਈਆਂ ਦਿੰਦੇ ਹੋਏ ਕਿਹਾ ਹੈ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵਲੋਂ ਮਾਸਟਰ ਤਰਲੋਚਨ ਸਿੰਘ ਦੀ ਸਾਹਿਤਕ ਘਾਲਣਾ ਦੀ ਪਛਾਣ ਤਾਂ ਕੀਤੀ ਗਈ ਪਰ ਬਹੁਤ ਹੀ ਦੇਰ ਬਾਅਦ। ਉਹਨਾਂ ਕਿਹਾ ਕਿ ਮਾਸਟਰ ਤਰਲੋਚਨ ਸਿੰਘ ਇਸ ਪੁਰਸਕਾਰ ਦੇ ਸਹੀ ਹੱਕਦਾਰ ਹਨ। ਉਹਨਾਂ ਨੂੰ ਮੁਬਾਰਕਾਂ ਦੇਣ ਵਾਲਿਆਂ ਵਿੱਚ ਮੁੱਖ ਤੌਰ ਤੇ ਭਾਅ ਜੀ ਗੁਰਸਰਨ ਸਿੰਘ ਦੀ ਪਤਨੀ ਕੈਲਾਸ਼ ਕੌਰ, ਉਹਨਾਂ ਦੀ ਬੇਟੀ ਅਰੀਤ ਕੌਰ ਨੇ ਵਿਸ਼ੇਸ਼ ਤੌਰ ਤੇ ਉਹਨਾਂ ਨੂੰ ਫੋਨ ਕਰਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਤੋਂ ਇਲਾਵਾ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ, ਆਰਟ ਸੈਂਟਰ ਸਮਰਾਲਾ ਦੇ ਜਨਰਲ ਸਕੱਤਰ ਡਾ. ਹਰਦੀਪ ਸਿੰਘ ਸਾਹੀ, ਫਕੀਰ ਚੰਦ ਸੁਕਲਾ, ਕਹਾਣੀਕਾਰ ਬਲਵਿੰਦਰ ਗਰੇਵਾਲ, ਡਾ. ਸਾਮ ਸੁੰਦਰ ਦੀਪਤੀ, ਜਰਨੈਲ ਸਿੰਘ ਦੁੱਲਵਾਂ, ਡਾ. ਹਰਵਿੰਦਰ ਸਿੰਘ ਭੱਟੀ, ਜਿਲ੍ਹਾ ਭਾਸ਼ਾ ਅਫਸਰ ਸੰਦੀਪ ਸਰਮਾ, ਸ਼੍ਰੋਮਣੀ ਬਾਲ ਸਾਹਿਤਕਾਰ ਪੁਰਸਕਾਰ ਵਿਜੇਤਾ ਅਤੇ ਗੀਤਕਾਰ ਕਮਲਜੀਤ ਸਿੰਘ ਨੀਲੋਂ, ਪ੍ਰਿੰ. (ਡਾ.) ਪਰਮਿੰਦਰ ਸਿੰਘ ਬੈਨੀਪਾਲ, ਬਲਵੰਤ ਸਿੰਘ ਮਾਂਗਟ, ਹਰਮੀਤ ਵਿਦਿਆਰਥੀ ਸਾਬਕਾ ਜਨਰਲ ਸਕੱਤਰ ਪੰਜਾਬੀ ਲੇਖਕ ਸਭਾ, ਕਹਾਣੀਕਾਰ ਸੁਰਿੰਦਰ ਰਾਮਪੁਰੀ ਅਤੇ ਗੁਰਦਿਆਲ ਦਲਾਲ, ਪਲਸ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ, ਦਰਬਾਰਾ ਸਿੰਘ ਖਮਾਣੋ ਸੇਵਾ ਮੁਕਤ ਡਿਪਟੀ ਡਾਇਰੈਕਟਰ ਸਿੱਖਿਆ ਵਿਭਾਗ, ਪਵਨਦੀਪ ਖੰਨਾ, ਪੰਜਾਬੀ ਦੇ ਪ੍ਰਸਿੱਧ ਗਾਇਕ ਬੱਬੂ ਮਾਨ, ਪ੍ਰੋ ਜਗਮੋਹਨ ਸਿੰਘ, ਡਾ. ਸਤੀਸ਼ ਵਰਮਾ, ਪ੍ਰੋ. ਸੁਰਿੰਦਰ ਧੰਜਲ ਕਨਵੀਨਰ ਅੰਤਰਰਾਸਟਰੀ ਪਾਸ ਮੈਮੋਰੀਅਲ ਟ੍ਰਸਟ ਯੂ ਐਸ ਏ, ਬਾਈ ਅਵਤਾਰ ਪ੍ਰਧਾਨ ਕੈਨੇਡਾ ਰੈਸ਼ਨਾਲਿਸਟ ਸੁਸਾਇਟੀ, ਤ੍ਰੈਲੋਚਨ ਲੋਚੀ, ਤਰਕਸੀਲ ਚਿੰਤਕ ਡਾ. ਰਜਿੰਦਰਪਾਲ ਬਰਾੜ, ਐਡਵੋਕੇਟ ਨਰਿੰਦਰ ਸਰਮਾ ਪ੍ਰਧਾਨ ਪੰਜਾਬੀ ਸਾਹਿਤ ਸਭਾ (ਰਜਿ:) ਸਮਰਾਲਾ, ਤਕਰਸ਼ੀਲ ਆਗੂ ਜਸਵੰਤ ਜੀਰਖ, ਨਿਰਦੇਸਕ ਇੰਦਰਜੀਤ ਦੇਵਗਨ, ਰਾਜਕੁਮਾਰ ਢਕੜੱਬਾ, ਤਰਕਸ਼ੀਲ ਆਗੂ ਰਾਜਵੰਤ ਬਾਗੜੀਆਂ, ਅਜਾਇਬ ਜਲਾਲਆਣਾ, ਸੁਬਾਈ ਤਰਕਸ਼ੀਲ ਆਗੂ ਸੁਰਿੰਦਰ ਰਾਮਪੁਰਾ ਡਾ.ਕੁਲਦੀਪ ਸਿੰਘ ਦੀਪ, ਸਵਰਨਜੀਤ ਸਵੀ ਅਤੇ ਗਾਇਕ ਚਮਕੌਰ ਖੱਟੜਾ ਆਦਿ ਸ਼ਾਮਲ ਹਨ।

# ਜ਼ਿਲ੍ਹਾ ਕਾਂਗਰਸ ਐਸ ਸੀ ਵਿਭਾਗ ਖੰਨਾਂ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਮਨਾਇਆ

**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ:-** ਅੱਜ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ131ਵਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਜ਼ਿਲ੍ਹਾ ਕਾਂਗਰਸ ਐਸ ਸੀ ਵਿਭਾਗ ਪੁਲਸ ਜ਼ਿਲਾ ਖੰਨਾ ਵੱਲੋਂ ਸੈਕਟਰੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਬਲਵਿੰਦਰ ਸਿੰਘ ਬੰਬ ਚੇਅਰਮੈਨ ਐਸ ਸੀ ਵਿਭਾਗ ਜ਼ਿਲ੍ਹਾ ਕਾਂਗਰਸ ਖੰਨਾਂ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਪਿੰਡ ਚਾਵਾ ਕਸਬਾ ਬੀਜਾ ਵਿਖੇ ਮਨਾਇਆ ਗਿਆ।ਇਸ ਮੌਕੇ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਚੇਅਰਮੈਨ ਬਲਵਿੰਦਰ ਸਿੰਘ ਬੰਬ, ਨੰਬਰਦਾਰ ਯੂਨੀਅਨ ਗਾਲਿਬ ਦੇ ਜ਼ਿਲ੍ਹਾ ਪ੍ਰਧਾਨ ਸੁਰਮੁੱਖ ਸਿੰਘ ਹਰਬੰਸਪੁਰਾ, ਹਰਜਿੰਦਰ ਸਿੰਘ ਇਕੋਲਾਹਾ ਮੈਬਰ ਜ਼ਿਲ੍ਹਾ ਪ੍ਰੀਸ਼ਦ, ਸਾਬਕਾ ਬਲਾਕ ਸੰਮਤੀ ਮੈਂਬਰ ਚਰਨ ਸਿੰਘ ਭੌਰਲਾ, ਗੁਰਜੀਤ ਸਿੰਘ ਭੌਰਲਾ ਸਕੱਤਰ ਯੁਵਕ ਸੇਵਾਵਾਂ ਕਲੱਬ, ਸਰਪੰਚ ਜਸਪਾਲ ਸਿੰਘ ਪਾਲੀ ਹੋਲ,ਨੇ ਕਿਹਾ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਸਾਡੇ ਭਾਰਤ ਦੇ ਸਵਿੰਧਾਨ ਦੇ ਨਿਰਮਾਤਾ ਸਨ ਜਿਨ੍ਹਾਂ ਨੇ ਸਾਨੂੰ ਬਰਾਬਰਤਾ ਦੇ ਹੱਕ ਲੈ ਕੇ ਦਿਤੇ। ਸਾਨੂੰ ਸਾਰਿਆਂ ਨੂੰ ਉਹਨਾਂ ਦੇ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ । ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹੇ ਲਿਖੇ ਬਣਾਉਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਵੱਧ ਤੋਂ ਵੱਧ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਜੀਵਨੀ ਵਾਰੇ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਤੇ ਕਰਮ ਸਿੰਘ ਲਲਹੇੜੀ, ਧਿਆਨ ਸਿੰਘ ਸੇਹ , ਕੇਸਰ ਸਿੰਘ ਬੰਬ, ਗੁਰਮੁੱਖ ਸਿੰਘ ਫੌਜੀ ਚੱਕਸਰਾਏ,ਬਾਰੂ ਸਿੰਘ ਚੱਕਸਰਾਏ, ਮਲਵਿੰਦਰ ਸਿੰਘ ਸਾਬਕਾ ਸਰਪੰਚ ਹਰਬੰਸਪੁਰਾ,ਨਰਾਤਾ ਸਿੰਘ ਬੰਬ, ਜਰਨੈਲ ਸਿੰਘ ਕੈਂਥ, ਪ੍ਰਭਜੋਤ ਸਿੰਘ ਭੌਰਲਾ, ਅਮਰੀਕ ਸਿੰਘ,ਜਸਨ ਬੰਬ,ਪਾਲ ਸਿੰਘ ਫੋਜੀ,ਅਮ੍ਰਿਤਪਾਲ ਸਿੰਘ ਆਦਿ ਤੋਂ ਇਲਾਵਾ ਪਤਵੰਤੇ ਹਾਜਰ ਸਨ।



# ਹਿੰਦੂ ਸਿੱਖ ਭਾਈਚਾਰੇ ਦੇ ਜੱਥੇ ਨੇ ਗੁਰਦੁਆਰਾ ਡੇਰਾ ਬਾਬਾ ਨਾਨਕ (ਪਾਕਿਸਤਾਨ) ਦੇ ਕੀਤੇ ਦਰਸ਼ਨ



**ਰਾਏਕੋਟ/ਗੁਰਭਿੰਦਰ ਗੁਰੀ**

ਗੁਰਦੁਆਰਾ ਡੇਰਾ ਬਾਬਾਨਾਨਕਸਾਹਿਬ,ਪਾਕਿਸਤਨ ਵਿਖੇ ਸ਼੍ਰੀ ਦੁਰਗਾ ਮੰਦਰ ਕਮੇਟੀ ਰਾਏਕੋਟ ਦੇ ਪ੍ਰਧਾਨ ਮਨੋਹਰ ਲਾਲ ਲਾਡੀ ਦੀ ਯੋਗ ਅਗਵਾਈ ਹੇਠ ਹਿੰਦੂ ਸਿੱਖ ਸ਼ਰਧਾਲੂਆਂ ਦਾ 11 ਮੈਂਬਰਾਂ ਦਾ ਇੱਕ ਜੱਥਾ ਵਿਸਾਖੀ ਦਾ ਦਿਹਾੜਾ ਮਨਾਉਣ ਗਿਆ ਅੱਜ ਵਤਨ ਵਾਪਸ ਪਰਤ ਆਪਣੇ ਸ਼ਹਿਰ ਪੁੱਜਾ, ਜਿੱਥੇ ਅੱਜ ਸ਼੍ਰੀ ਦੁਰਗਾ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ9 ਹਿੰਦੂ ਸਿੱਖ ਸ਼ਰਧਾਲੂਆਂ ਦਾ ਜੱਥਾ ਆਪਣੇ ਤੋਂ ਵਿੱਛੜ ਚੁੱਕੇ ਗੁਰੂ-ਧਾਮਾਂ ਦੇ ਦਰਸ਼ਨ ਕਰਕੇ ਬਹੁਤ ਖੁਸ਼ ਸੀ @ਤੇ ਉਨ੍ਹਾਂ ਦੇ ਚਿਹਰਿਆਂ @ਤੇ ਇਹ ਖੁਸ਼ੀ ਸਾਫ਼ ਵੇਖਣ ਨੂੰ ਮਿਲੀ। ਇਸ ਮੌਕੇ ਡੇਰਾ ਬਾਬਾ ਨਾਨਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਗਏ ਸ਼੍ਰੀ ਦੁਰਗਾ ਸ਼ਕਤੀ ਮੰਦਰ ਦੇ ਪ੍ਰਧਾਨ ਮਨੋਹਰ ਲਾਲ ਲਾਡੀ ਨੇ ਕਿਹਾ ਕਿ ਸਾਨੂੰ ਗੁਰੂ ਘਰ ਵਿੱਚ ਬਹੁਤ ਹੀ ਸਤਿਕਾਰ ਮਿਲਿਆ ਪਾਕਿਸਤਾਨ ਦੇ ਸਿੱਖ ਹਿੰਦੂ ਭਾਈਚਾਰੇ ਨੇ ਸਾਡਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਦੀ ਚਰਨ ਸ਼ੋਹ ਪ੍ਰਾਪਤ ਧਰਤੀ ਉੱਤੇ ਚਰਨ ਧੂੜ ਲੈਣ ਜਾਣਾ ਹਰ ਸਿੱਖ ਦੀ ਅਰਦਾਸ ਹੁੰਦੀ ਹੈ। ਜਦੋਂ ਅਰਦਾਸ ਪੂਰੀ ਹੁੰਦੀ ਹੈ ਤਾਂ ਇਹ ਭਾਵਨਾਵਾਂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਗੁਰੂ ਅਤੇ ਸਿੱਖ ਦੀ ਸਾਂਝ ਸ਼ਬਦਾਂ ਵਿਚ ਬਿਆਨ ਕਰਨ ਤੋਂ ਉੱਤੇ ਹੈ। ਉਕਤ ਸ਼ਰਧਾਲੂਆਂ ਦੇ ਦਿਲ ਵਿੱਚ ਇੱਕੋ ਤਾਂਘ ਸੀ ਕਿ ਇਸ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਹੋ ਜਾਣ ਜੋ ਕਿ ਗੁਰੂ ਦੀ ਕਿਰਪਾ ਨਾਲ ਪੂਰੀ ਹੋ ਗਈ ਹੈ। ਉਨ੍ਹਾਂ ਮੁਤਾਬਿਕ ਪਾਕਿਸਤਾਨ ਸਥਿਤ ਗੁਰੁਦੁਆਰਾ ਸਾਹਿਬ ਦੇ ਦਰਸ਼ਨ ਕਰ ਉਹ ਆਪਣੇ ਆਪ ਨੂੰ ਬਹੁਤ ਹੀ ਵਡਭਾਗਾ ਮਨ ਰਹੇ ਹਨ। ਇਸ ਮੌਕੇ ਉਜਾਗਰ ਸਿੰਘ ਰਾਏ,ਮਨਜੀਤ ਸਿੰਘ ਜੱਸਲ, ਗੁਲਸ਼ਨ ਕੁਮਾਰ ਨਾਰੰਗ, ਮੁਕੇਸ਼ ਕੁਮਾਰ ਚਾਵਲਾ, ਡਾ.ਸ਼ਾਮ ਸੁੰਦਰ, ਕਮਲੇਸ਼ ਰਾਣੀ, ਗੀਟਾ ਨਾਰੰਗ, ਬੰਤ ਕੌਰ ਰਾਏ, ਜਸਵਿੰਦਰ ਕੌਰ ਜੱਸਲ, ਅਨੀਤਾ ਚਾਵਲਾ ਆਦਿ ਸ਼ਾਮਲ ਸਨ।

# ਬੱਚਿਆਂ ਦੀ ਪੜ੍ਹਾਈ ਸਬੰਧੀ ਪਟਿਆਲਾ ਵਿਖੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ

**ਪਟਿਆਲਾ/ਇਕਬਾਲ ਸਿੰਘ**

ਸਥਾਨਕ ਨਾਮ ਚਰਚਾ ਘਰ ਪਟਿਆਲਾ ਵਿਖੇ ਸ਼ਾਹ ਸਤਿਨਾਮ ਜੀ ਗਰਲਜ ਸਕੂਲ, ਸ਼ਾਹ ਸਤਿਨਾਮ ਜੀ ਬੁਆਇਜ ਸਕੂਲ ਸਰਸਾ ਅਤੇ ਸੇਂਟ ਐਮ ਐਸ ਜੀ ਇੰਟਰਨੈਸ਼ਨਲ ਗਲੋਰੀਐਸ ਸਕੂਲ ਸਿਰਸਾ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਲਈ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ। ਇਸ ਸੈਮੀਨਾਰ ਵਿਚ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਸੈਮੀਨਾਰ ਵਿਚ ਸਕੂਲ ਦੀ ਅਧਿਆਪਕਾਂ ਰੀਆ ਫੁਟੇਲਾ, ਰੇਖਾ ਲੁਥਰਾ ਅਤੇ ਗਗਨ ਸ਼ਰਮਾ ਨੇ ਸ਼ਾਹ ਸਤਿਨਾਮ ਜੀ ਗਰਲਜ਼ ਸਕੂਲ, ਸ਼ਾਹ ਸਤਿਨਾਮ ਜੀ ਬੁਆਇਜ਼ ਸਕੂਲ ਸਿਰਸਾ ਅਤੇ ਸੇਂਟ ਐਮ ਐਸ ਜੀ ਇੰਟਰਨੈਸ਼ਨਲ ਗਲੋਰੀਐਸ ਸਕੂਲ ਸਿਰਸਾ ਨੇ ਇਨ੍ਹਾਂ ਸਕੂਲਾਂ ਵਿੱਚ ਦਿੱਤੀ ਜਾਂਦੀ ਉਚੇਚੀ ਸਿੱਖਿਆ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੋ ਬੱਚੇ ਇਨ੍ਹਾਂ ਸਕੂਲਾਂ ਵਿਚ ਪੜ੍ਹਾਈ ਕਰਕੇ ਗਏ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਬੱਚੇ ਉਚੀਆਂ ਪਦਵੀਆਂ ਹਾਸਲ ਕਰ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਕੂਲਾਂ ਦਾ ਵਧੀਆ ਹੋਸਟਲ ਅਤੇ ਮੈੱਸ ਵਿਚ ਸ਼ੁੱਧ ਖਾਣੇ ਦਾ ਪ੍ਰਬੰਧ ਹੈ ਅਤੇ ਉੱਚ ਸਿੱਖਿਆ ਪ੍ਰਾਪਤ ਤਜਰਬੇਕਾਰ ਸਟਾਫ ਹੈ। ਇਸ ਦੌਰਾਨ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਨੂੰ ਉਜਵੱਲ ਬਣਾਉਣ ਲਈ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿੱਚ ਦਾਖਲਾ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ। ਇਹ ਵੀ ਦੱਸਿਆ ਗਿਆ ਕਿ ਇਨ੍ਹਾਂ ਸਕੂਲਾਂ ਦੇ ਬੱਚਿਆਂ ਨੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿਚ ਵੀ ਕਾਫੀ ਮੱਲਾਂ ਮਾਰੀਆਂ ਹਨ। ਇਸ ਮੌਕੇ ਭਾਰੀ ਗਿਣਤੀ ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਫਾਰਮ ਵੀ ਭਰੇ ਗਏ। ਇਸ ਮੌਕੇ 15 ਮੈਂਬਰ ਸਰਬਜੀਤ ਹੈਪੀ, ਬਲਦੇਵ ਸਿੰਘ, ਮਾਮ ਚੰਦ, ਗੁਰਵਿੰਦਰ ਮੱਖਣ, ਰਣਜੀਤ ਸਿੰਘ, ਸ਼ੈਟੀ ਇੰਸਾਂ, ਲਵਲੀ ਇੰਸਾਂ, ਪਰਮਜੀਤ ਕੌਰ ਬਡੂੰਗਰ, ਸੋਨਾ ਇੰਸਾਂ, ਕੁਲਵਿੰਦਰ ਕੌਰ, ਜੋਗਿੰਦਰ ਕੌਰ, ਅਰਸ਼ਪ੍ਰੀਤ ਕੌਰ, ਗੁਗਨੀ ਇੰਸਾਂ ਅਤੇ ਹੋਰ ਹਾਜ਼ਰ ਸਨ।



# ਡਿਊਰੈਕਸ ਨੇ ਔਰਤਾਂ ਦੀ ਯੌਨ ਉਤੇਜਨਾਂ ਨੂੰ ਤ੍ਰਿਪਤ ਕਰਨ ਲਈ ਲਾਂਚ ਕੀਤਾ 'ਇੰਟੈਂਸ' ਕੰਡੋਮ




**ਚੰਡੀਗੜ੍ਹ/ਅੰਮ੍ਰਿਤਸਰ/ਲੋਕ ਬਾਣੀ**

ਦੁਨੀਆਂ ਦੇ ਨੰਬਰ 1 ਸੈਕਸੂਅਲ ਵੈਲਬੀਇੰਗ ਬ੍ਰਾਂਡ, ਡਿਊਰੈਕਸ ਨੇ ਕੰਡੋਮ ਕੈਟੇਗਿਰੀ @ਚ ਆਪਣੀ ਨਵੀਂ ਪੇਸ਼ਕਸ਼ ਡਿਊਰੈਕਸ ਇੰਟੇਂਸ ਨੂੰ ਲਾਂਚ ਕੀਤਾ ਹੈ । ਇੰਟੇਂਸ ਵਿਚ ਇੱਕ ਖਾਸ ਸਟਿਮੂਲਸ ਜੇਲ - ਡਿਜਾਯਰੇਕਸ ਜੇਲ ਦਿੱਤਾ ਗਿਆ ਹੈ, ਜਿਹੜਾ ਇੱਕ ਕੂਲਿੰਗ ਏਜੰਟ ਦੇ ਰੂਪ @ਚ ਕੰਮ ਕਰਦਾ ਹੈ ਅਤੇ ਔਰਤਾਂ ਦੇ ਲਈ ਉਨ੍ਹਾਂ ਦੇ ਅਨੁਭਵ ਨੂੰ ਹੋਰ ਜਿਆਦਾ ਕਾਮੁਕ ਬਣਾਉਣ ਦੇ ਲਈ ਉਤੇਜਨਾਂ ਨੂੰ ਵਧਾਉਂਦਾ ਹੈ । ਇਸ ਸਟਿਮੁਲੇਟਿੰਗ ਜੇਲ ਕੰਡੋਮ @ਚ ਰਿਬਸ ਅਤੇ ਡਾਟਸ ਦਿੱਤੇ ਗਏ ਹਨ ਜਿਹੜੇ ਸੈਂਸੀਟਿਵਿਟੀ ਵਧਾਉਣ ਅਤੇ ਅਹਿਸਾਸ ਨੂੰ ਹੋਰ ਕਾਮੁਕ ਕਰਨ ਦੇ ਲਈ ਇੱਕ ਝਣਝਣਾਹਟ ਪ੍ਰਦਾਨ ਕਰਦੇ ਹਨ । ਇਸ ਲਾਂਚ ਦੇ ਨਾਲ, ਬ੍ਰਾਂਡ ਇੱਕ ਗਹਿਰਾਈ ਭਰਿਆ ਅਹਿਸਾਸ ਦੇਣ ਲਈ, ਤੇਜ ਉਤੇਜਨਾਂ ਦੇ ਨਾਲ ਔਰਤ ਦੀ ਯੌਨ ਇੱਛਾ ਨੂੰ ਵਧਾਉਣ @ਤੇ ਫੋਕਸ ਕਰਦਾ ਹੈ । ਸ੍ਰੀ ਦਿਲੇਨ ਗਾਂਧੀ, ਰੀਜਨਲ ਮਾਰਕੀਟਿੰਗ ਡਾਇਰੈਕਟਰ, ਸਾਊਥ ਏਸ਼ੀਆ - ਹੈਲਥ ਐਂਡ ਨਿਊਟ੍ਰੀਸ਼ਨ, ਰੇਕਿਟ ਨੇ ਕਿਹਾ, @ਅੱਜ ਭਾਰਤ ਦੇ ਦੂਜੇ ਸਭ ਤੋਂ ਵੱਡੇ ਕੰਡੋਮ ਬ੍ਰਾਂਡ ਦੇ ਰੂਪ @ਚ, ਡਿਊਰੈਕਸ ਲਗਾਤਾਰ ਇਨੋਵੇਸ਼ਨ ਕਰ ਰਿਹਾ ਹੈ, ਯੌਨ ਸਬੰਧਾਂ @ਚ ਕਮੀ ਨੂੰ ਪਛਾਣਨ ਦੇ ਲਈ ਨਵੇਂ ਪ੍ਰੋਡਕਟ ਪੇਸ਼ ਕਰ ਰਿਹਾ ਹੈ ਅਤੇ ਹੱਲ ਤਿਆਰ ਕਰ ਰਿਹਾ ਹੈਉਂ ਡਿਊਰੈਕਸ ਇੰਟੇਂਸ ਨੂੰ ਰਿਬਸ, ਡਾਟਸ ਅਤੇ ਇੱਕ ਖਾਸ ਕੂਲਿੰਗ ਜੇਲ ਦੇ ਨਾਲ ਤਿਆਰ ਕੀਤਾ ਗਿਆ ਹੈ ਜਿਹੜੀ ਸੈਕਸ ਦੇ ਦੌਰਾਨ ਉਤੇਜਨਾਂ ਨੂੰ ਵਧਾਉਂਦੀ ਹੈ ਜਿਸ ਨਾਲ ਔਰਤ ਅਤੇ ਉਸਦੇ ਸਾਥੀ ਦੇ ਲਈ ਇਹ ਅਹਿਸਾਸ ਹੋਰ ਵੀ ਜਿਆਦਾ ਕਾਮੁਕ ਹੋ ਜਾਂਦਾ ਹੈ । ਸਾਡਾ ਮੰਨਣਾ ਹੈ ਕਿ ਇੰਟੇਂਸ ਔਰਤਾਂ ਨੂੰ ਗਹਿਰਾਈ ਭਰਿਆ ਅਹਿਸਾਸ ਹਾਸਲ ਕਰਨ @ਚ ਮਦਦ ਕਰੇਗਾ ।@ ਬੌਬੀ ਪਵਾਰ, ਚੇਅਰਮੈਨ ਅਤੇ ਚੀਫ ਕ੍ਰਿਏਟਿਵ ਅਫਸਰ, ਹਵਾਸ ਗਰੁੱਪ ਇੰਡੀਆ ਨੇ ਕਿਹਾ, @ਡਿਊਰੈਕਸ ਜਿਹੇ ਪ੍ਰਗਤੀਸ਼ੀਲ ਬ੍ਰਾਂਡ ਦੇ ਨਾਲ ਜੁੜਨਾ ਹਮੇਸ਼ਾ ਖੁਸ਼ੀ ਦੀ ਗੱਲ ਹੈ । ਡਿਊਰੈਕਸ ਔਰਤ ਦੇ ਅਨੁਭਵ ਨੂੰ ਹਮੇਸ਼ਾ ਸਭ ਤੋਂ ਅੱਗੇ ਰੱਖਦਾ ਹੈ । ਲੈਂਗਿਕ ਸਮਾਨਤਾ ਦਾ ਇੱਕ ਸੱਚਾ ਸਮਰਥਕ, ਡਿਊਰੈਕਸ ਗੋਲਡ ਅਤੇ ਜਰੂਰੀ ਗੱਲਬਾਤ @ਤੇ ਜੋਰ ਦਿੰਦਾ ਹੈ ਅਤੇ ਹਵਾਸ ਇੰਡੀਆ @ਚ ਅਸੀਂ ਇਸ ਕ੍ਰਾਂਤੀਕਾਰੀ ਸਫਰ ਦੇ ਭਾਗੀਦਾਰ ਬਣ ਕੇ ਬਹੁਤ ਖੁਸ਼ ਹਾਂ

# ਸ਼ਾਂਤੀ ਦੇਵੀ ਕਾਲਜ ਦੀਆਂ ਵਿਦਿਆਰਥਣਾਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ




**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਥਾਨਕ ਸ਼ਾਂਤੀ ਦੇਵੀ ਆਰਿਆ ਮਹਿਲਾ ਕਾਲਜ ਦੀਆਂ ਕਲਾਕਾਰ ਵਿਦਿਆਰਥਣਾਂ ਨੇ ਪਠਾਨਕੋਟ ਦੇ ਏ ਐਂਡ ਐਮ ਇੰਸਟੀਚਿਊਟ ਦੁਆਰਾ ਕਰਵਾਏ ਗਏ ਇੰਟਰਕਾਲਜ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਵਾਸਤੇ ਸਾਰੀਆਂ ਟੀਆਂ ਯੂਥ ਕੁਆਰਡੀਨੇਟਰ ਸ਼੍ਰੀਮਤੀ ਦੀਪਕ ਜੈਤੀ ਅਤੇ ਸ਼੍ਰੀਮਤੀ ਪ੍ਰਵੀਨ ਸੈਣੀ ਅਤੇ ਜੋਤੀ ਸੈਣੀ ਦੀ ਅਗਵਾਈ ਵਿੱਚ ਪਠਾਨਕੋਟ ਦੇ ਉਪਰੋਕਤ ਇੰਸਟੀਚਿਊਟ ਵਿੱਚ ਕਾਲਜ ਦੀਆਂ ਵੱਖ-ਵੱਖ ਟੀਮਾਂ ਗਈਆਂ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਸਾਡੀਆਂ ਕਲਾਕਾਰ ਵਿਦਿਆਰਥਣਾਂ ਨੇ ਪੰਜਾਬ ਦੀ ਸਾਨ ਗਿੱਧਾ, ਭੰਗੜਾ, ਲੋਕ ਨਾਚ ਸੰਮੀ ਅਤੇ ਲੋਕਗੀਤ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਅਪਣਾ ਤੇ ਕਾਲਜ ਦਾ ਮਾਣ ਵਧਾਇਆ। ਇਸੇ ਤਰ੍ਹਾਂ ਥਿਏਟਰ ਆਈਟਮਾਂ ਵਿੱਚ ਸਕਿੱਟ ਅਤੇ ਮਮਿੱਕਰੀ ਦੂਸਰੇ ਸਥਾਨ ਤੇ ਰਹੇ। ਐਡ ਮੈਡ ਡੈਕਰ ਅਤੇ ਵੈਸਟਰਨ ਗਰੁੱਪ ਡਾਂਸ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਸ਼ਾਰਕ ਟੈਂਕ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ ਰੀਨਾ ਤਲਵਾੜ ਨੇ ਇਨ੍ਹਾਂ ਵਿਦਿਅਰਥਣਾਂ ਅਤੇ ਸੰਬੰਧਿਤ ਟੀਮਾਂ ਦੇ ਇੰਚਾਰਜਾਂ ਨੂੰ ਵਧਾਈ ਦਿੱਤੀ। ਯੂਥ ਵੈੱਲਫੇਅਰ ਡਿਪਾਰਟਮੈਂਟ ਦੇ ਡੀਨ ਡਾ ਕੁਲਵਿੰਦਰ ਕੌਰ ਛੀਨਾ ਅਤੇ ਕੋਆਰਡੀਨੇਟਰ ਸ਼੍ਰੀਮਤੀ ਦੀਪਕ ਜੋਤੀ ਨੇ ਵੀ ਇਨ੍ਹਾਂ ਕਲਾਕਾਰਾਂ ਦੀ ਹੌਸਲਾ ਅਫਜਾਈ ਕਰਦੇ ਹੋਏ ਸਾਬਾਸ਼ ਦਿੱਤੀ। ਜਿਨ੍ਹਾਂ ਟੀਮ ਇੰਚਾਰਜ ਅਧਿਆਪਕਾਂ ਨੇ ਉਪਰੋਕਤ ਜੇਤੂ ਕਲਾਕਾਰਾਂ ਦੀ ਪ੍ਰੈਕਟਿਸ ਕਰਵਾਈ ਉਨ੍ਹਾਂ ਵਿੱਚ ਮਿਸ ਗੁਰਪ੍ਰੀਆ, ਸ੍ਰੀਮਤੀ ਰਸ਼ਮੀਤ, ਸਿਮਰਜੀਤ,ਏਕਤਾ ਭੱਲਾ, ਸ਼ਿਵਾਨੀ, ਮਨਜੋਤ ਕੋਰ, ਸੋਨਮ ਮਹਾਜਨ* ਕੁਸ਼ਮ, ਸ਼ਵੇਤਾ ਠਾਕੁਰ, ਰੋਮਿਆ ਠਾਕੁਰ, ਰਮਾ ਕਪੂਰ, ਸ਼ਾਲੂ, ਕਮਲਜੀਤ, ਸੋਨੀਆ ਅਤੇ ਸ਼ਰਿਤਾ ਹਾਜਰ ਸਨ।

# ਮੁੱਖ ਮੰਤਰੀ ਵਲੋਂ ਬਾਬਾ ਸਾਹਿਬ ਅੰਬੇਦਕਰ ਦੁਆਰਾ ਲਿਖੇ ਸੰਵਿਧਾਨ ਨੂੰ ਬਚਾਉਣ ਦਾ ਸੱਦਾ

## ਕਿਹਾ ਸੰਵਿਧਾਨ ਦੇ ਮੁੱਢਲੇ ਸਿਧਾਂਤਾਂ ਨਾਲ ਛੇੜਛਾੜ ਦੀਆਂ ਕੋਸਿਸ਼ਾਂ ਕੀਤੀਆਂ ਜਾ ਰਹੀਆਂ






**ਜਲੰਧਰ/ਰਕੇਸ਼ ਵਰਮਾ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੋਕਾਂ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਵਲੋਂ ਲਿਖੇ ਗਏ ਸੰਵਿਧਾਨ ਅਤੇ ਇਸ ਦੇ ਮੁੱਢਲੇ ਸਿਧਾਂਤਾਂ ਨੂੰ ਬਚਾਉਣ ਦਾ ਸੱਦਾ ਦਿੱਤਾ ਹੈ।

ਅੱਜ ਇਥੇ ਬਾਬਾ ਸਾਹਿਬ ਦੇ 131ਵੇਂ ਜਨਮ ਦਿਵਸ ਮੌਕੇ ਸਥਾਨਕ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਰਕਾਰੀ ਕੋ-ਐਜੂਕੇਸ਼ਨ ਕਾਲਜ, ਬੂਟਾਂ ਮੰਡੀ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਕਾਨੂੰਨਦਾਨ ਅਤੇ ਉਘੇ ਸਿਆਸਤਦਾਨ ਡਾ.ਅੰਬੇਡਕਰ ਵਲੋਂ ਲਿਖੇ ਗਏ ਸੰਵਿਧਾਨ ਦੀ ਮਹੱਤਤਾ ਘਟਾਉਣ ਲਈ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਇਹ ਮਨਸੂਬੇ ਕੋਈ ਵਿਦੇਸ਼ੀ ਜਾਂ ਬਰਤਾਨਵੀ ਨਹੀਂ ਘੜ ਰਹੇ ਸਗੋਂ ਸਾਡੇ ਕੁਝ ਆਪਣੇ ਲੋਕ ਹੀ ਇਹ ਤਾਣੀ ਬੁਣ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਕੋਸਿਸ਼ਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦਿਆਂ ਸ਼ੁਰੂਆਤ ਵਿੱਚ ਹੀ ਖ਼ਤਮ ਕਰਨਾ ਚਾਹੀਦਾ ਹੈ ਜਿਸ ਲਈ ਲੋਕਾਂ ਨੂੰ ਇਕ ਜੁੱਟ ਹੋ ਕੇ ਅਵਾਜ਼ ਬੁਲੰਦ ਕਰਨੀ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਰਾਹੀਂ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਵੋਟ ਪਾਉਣ ਦਾ ਅਧਿਕਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਿਲੇ ਇਸੇ ਹੱਕ ਸਦਕਾ ਹੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਹੋਰ ਘਾਗ ਸਿਆਸਤਦਾਨਾਂ ਨੂੰ ਲੋਕਾਂ ਨੇ ਸਤਾ ਤੋਂ ਬਾਹਰ ਦਾ ਰਸਤਾ ਦਿਖਾਇਆ । ਉਨ੍ਹਾਂ ਕਿਹਾ ਕਿ ਸੰਵਿਧਾਨ ਜਮਹੂਰੀਅਤ ਦਾ ਮੂਲ ਅਧਾਰ ਹੈ ਅਤੇ ਇਸ ਨਾਲ ਕਿਸੇ ਤਰ੍ਹਾਂ ਦੀ ਛੇੜਛਾੜ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਪਾਕਿਸਤਾਨ ਨਾਲ ਤੁਲਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਸਾਡਾ ਗੁਆਂਢੀ ਮੁਲਕ ਸਾਡੇ ਮੁਲਕ ਤੋਂ ਇਕ ਦਿਨ ਪਹਿਲਾਂ ਆਜ਼ਾਦ ਹੋਇਆ ਪਰ ਸੰਵਿਧਾਨ ਦੀ ਅਣਹੋਂਦ ਕਰਕੇ ਉਸ ਮੁਲਕ ਵਿੱਚ ਜਮਹੂਰੀਅਤ ਪੈਰ ਨਹੀਂ ਜਮ੍ਹਾ ਸਕੀ। ਉਨ੍ਹਾਂ ਕਿਹਾ ਕਿ ਸਾਡੇ ਮੁਲਕ ਵਿੱਚ ਬਾਬਾ ਸਾਹਿਬ ਦੇ ਸੰਵਿਧਾਨ ਅਤੇ ਸੰਵਿਧਾਨਿਕ ਕਦਰਾਂ-ਕੀਮਤਾਂ ਮਜ਼ਬੂਤ ਹੋਈਆਂ ਹਨ ਜਦਕਿ ਇਸ ਦੇ ਉਲਟ ਪਾਕਿਸਤਾਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ। ਭਗਵੰਤ ਮਾਨ ਨੇ ਕਿਹਾ ਕਿ ਪਾਕਿਸਤਾਨ ਵਿੱਚ ਜਮਹੂਰੀਅਤ ਦੀ ਨਕਾਮੀ ਦੀ ਜਿਊਂਦੀ ਜਾਗਦੀ ਮਿਸਾਲ ਇਸ ਪੱਖ ਤੋਂ ਦੇਖੀ ਜਾ ਸਕਦੀ ਹੈ ਕਿ ਪਾਕਿਸਤਾਨ ਦਾ ਕੋਈ ਵੀ ਸਾਬਕਾ ਪ੍ਰਧਾਨ ਮੰਤਰੀ ਜਾਂ ਤਾਂ ਕਤਲ ਕਰ ਦਿੱਤਾ ਗਿਆ ਜਾਂ ਉਸ ਨੂੰ ਜਲਾਵਤਨ ਹੋਣਾ ਪਿਆ।

ਮੁੱਖ ਮੰਤਰੀ ਨੇ ਡਾ.ਬੀ.ਆਰ.ਅੰਬੇਡਕਰ ਵਲੋਂ ਬਰਾਬਰਤਾ ਅਤੇ ਆਜ਼ਾਦੀ ਦੇ ਦਿੱਤੇ ਸਿਧਾਂਤਾਂ 'ਤੇ ਚੱਲ ਕੇ ਆਦਰਸ਼ ਸਮਾਜ ਦੀ ਸਿਰਜਣਾ ਲਈ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਡਾ.ਅੰਬੇਡਕਰ ਨੂੰ ਮਹਾਨ ਵਿਦਵਾਨ, ਕਾਨੂੰਨਦਾਨ, ਆਰਥਿਕ ਮਾਹਿਰ, ਸਮਾਜ ਸੁਧਾਰਕ ਅਤੇ ਉਘੀ ਸਖਸ਼ੀਅਤ ਦਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਡਾ.ਅੰਬੇਡਕਰ ਸਮੁੱਚੇ ਵਿਸ਼ਵ ਦੇ ਇਤਿਹਾਸ ਵਿੱਚ ਸ਼ੁਮਾਰ ਸਭ ਤੋਂ ਕੱਦਾਵਾਰ ਸਖਸ਼ੀਅਤਾਂ ਵਿਚੋਂ ਇਕ ਸਨ। ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਡਾ.ਅੰਬੇਡਕਰ ਇਕ ਸਧਾਰਣ ਪਰਿਵਾਰ ਨਾਲ ਸਬੰਧ ਰੱਖਦੇ ਸਨ ਪਰ ਸਮਾਜ ਪ੍ਰਤੀ ਉਨ੍ਹਾਂ ਦੇ ਮਹਾਨ ਯੋਗਦਾਨ ਨੇ ਉਨ੍ਹਾਂ ਨੂੰ ਆਲਮੀ ਪੱਧਰ ਦੀਆਂ ਹਸਤੀਆਂ ਵਿੱਚ ਸ਼ੁਮਾਰ ਕੀਤਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਭਾਰਤੀ ਸੰਵਿਧਾਨ ਡਾ.ਅੰਬੇਡਕਰ ਦੀ ਸਖ਼ਤ ਮਿਹਨਤ, ਸਮਰਪਿਤ ਭਾਵਨਾ ਤੇ ਦੂਰ ਅੰਦੇਸ਼ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨਾ ਸਿਰਫ਼ ਕਮਜ਼ੋਰ ਤਬਕਿਆਂ ਦੇ ਨੇਤਾ ਸਨ ਸਗੋਂ ਸਮੁੱਚੀ ਮਾਨਵਤਾ ਨਾਲ ਜੁੜੇ ਹੋਏ ਸਨ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਦਬੇ ਕੁਚਲੇ ਤੇ ਕਮਜ਼ੋਰ ਵਰਗਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਡਾ.ਅੰਬੇਡਕਰ ਦੀ ਦ੍ਰਿੜ ਵਚਨਬੱਧਤਾ ਅਤੇ ਸੰਘਰਸ਼ ਲੋਕਾਂ ਨੂੰ ਹਮੇਸ਼ਾਂ ਪ੍ਰੇਰਿਤ ਕਰਦਾ ਰਹੇਗਾ।

ਇਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸਪਸ਼ਟ ਸਬਦਾਂ ਵਿੱਚ ਕਿਹਾ ਕਿ ਪੋਸਟ ਮੈਟ੍ਰਿਕ ਵਜੀਫਾ ਘੁਟਾਲੇ ਨੂੰ ਅੰਜ਼ਾਮ ਦੇਣ ਵਾਲੇ ਲੋਕ ਛੇਤੀ ਹੀ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਹੋਣਗੇ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਘਿਨੌਣਾ ਤੇ ਨਾ-ਮੁਆਫ਼ੀ ਯੋਗ ਅਪਰਾਧ ਹੈ ਜਿਸ ਕਰਕੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਭਗਵੰਤ ਮਾਨ ਨੇ ਅੱਗੇ ਕਿਹਾ ਕਿ ਛੇਤੀ ਹੀ ਇਸ ਘੁਟਾਲੇ ਦਾ ਮੁੱਖ ਦੋਸ਼ੀ ਅਦਾਲਤਾਂ ਵਿੱਚ ਜੇਲ੍ਹ ਵਿੱਚ ਚੰਗੀਆਂ ਸਹੂਲਤਾਂ ਲਈ ਅਰਜ਼ੀਆਂ ਦਾਇਰ ਕਰਦਾ ਦਿਸੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਕੁਝ ਦਿਨ ਪਹਿਲਾਂ ਸੂਬੇ ਦੇ ਸੀਨੀਅਰ ਅਫ਼ਸਰ ਨਵੀਂ ਦਿੱਲੀ ਵਿੱਚ ਟਰੇਨਿੰਗ ਲਈ ਉਨ੍ਹਾਂ ਦੇ ਹੁਕਮਾਂ 'ਤੇ ਗਏ ਸਨ। ਵਿਰੋਧੀ ਧਿਰਾਂ ਵਲੋਂ ਇਸ ਮੁੱਦੇ 'ਤੇ ਰੌਲਾ-ਰੱਪਾ ਪਾਉਣ ਦੀ ਸਖ਼ਤ ਆਲੋਚਨਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਜਿਥੇ ਵੀ ਸਾਡੇ ਅਫ਼ਸਰਾਂ ਨੂੰ ਦੂਜੇ ਸੂਬਿਆਂ ਜਾਂ ਮੁਲਕਾਂ ਤੋਂ ਚੰਗੀ ਮੁਹਾਰਤ ਸਿੱਖਣ ਦੀ ਲੋੜ ਹੋਵੇਗੀ, ਉਹ ਅਪਣੇ ਅਫ਼ਸਰ ਉਥੇ ਜਰੂਰ ਭੇਜਣਗੇ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਵਲੋਂ ਸਿੱਖਿਆ, ਸਿਹਤ ਅਤੇ ਬਿਜਲੀ ਦੇ ਖੇਤਰ ਵਿੱਚ ਕੀਤੇ ਗਏ ਸੁਧਾਰਾਂ ਦਾ ਕੋਈ ਮੇਲ ਨਹੀਂ ਜਿਸ ਕਰਕੇ ਸਾਨੂੰ ਆਪਣੇ ਅਫ਼ਸਰਾਂ ਨੂੰ ਸਿਖਲਾਈ ਦੇਣ ਵਿੱਚ ਕੁਝ ਵੀ ਗਲਤ ਨਜ਼ਰ ਨਹੀਂ ਆਉਂਦਾ।

ਮੁੱਖ ਮੰਤਰੀ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਲੋਕਾਂ ਨੂੰ ਦਿੱਤੀਆਂ ਗਾਰੰਟੀਆਂ ਵਿਚੋਂ ਹਰੇਕ ਗਾਰੰਟੀ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਾਲੇ ਪੰਜਾਬ ਵਿੱਚ ਨਵੀਂ ਸਰਕਾਰ ਬਣੀ ਨੂੰ ਇਕ ਮਹੀਨੇ ਤੋਂ ਵੀ ਘੱਟ ਸਮਾਂ ਗੁਜਰਿਆ ਹੈ । ਉਨ੍ਹਾਂ ਕਿਹਾ ਕਿ ਲੋਕਾਂ ਨਾਲ ਕੀਤਾ ਗਿਆ ਹਰੇਕ ਵਾਅਦਾ ਹਰ ਹੀਲੇ ਪੂਰਾ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਮੰਤਰੀਆਂ ਲਈ ਕੋਈ ਵੀ ਨਵਾਂ ਵਾਹਨ ਖ਼ਰੀਦਣ ਸਬੰਧੀ ਸੂਬਾ ਸਰਕਾਰ ਦੀ ਕਿਸੇ ਤਰ੍ਹਾਂ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਬਿਨ੍ਹਾਂ ਕਿਸੇ ਅਧਾਰ ਦੇ ਇਸ ਨੂੰ ਮੁੱਦਾ ਬਣਾ ਰਹੀ ਹੈ ਕਿਉਂਕਿ ਇਨ੍ਹਾਂ ਕੋਲ ਸੂਬਾ ਸਰਕਾਰ ਖਿਲਾਫ਼ ਬੋਲਣ ਲਈ ਕੁਝ ਵੀ ਨਹੀਂ। ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਦਾ ਨਵੇਂ ਵਾਹਨ ਖ਼ਰੀਦਣ ਦਾ ਕੋਈ ਇਰਾਦਾ ਨਹੀਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕੇਂਦਰੀ ਸਪਾਂਸਰ ਸਕੀਮਾਂ ਅਧੀਨ ਹਾਸਿਲ ਹੁੰਦੇ ਫੰਡਾਂ ਦੀ ਵਰਤੋਂ ਤਰਕ ਸੰਗਤ ਢੰਗ ਨਾਲ ਲੋਕਾਂ ਦੀ ਭਲਾਈ ਲਈ ਕਰੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਬਹੁਤ ਛੇਤੀ ਹੀ ਪੇਂਡੂ ਵਿਕਾਸ ਫੰਡ ਜਾਰੀ ਕੀਤੇ ਜਾ ਰਹੇ ਹਨ ਕਿਉਂ ਜੋ ਮੰਤਰੀ ਮੰਡਲ ਨੇ ਬੀਤੇ ਦਿਨ ਹੋਈ ਮੀਟਿੰਗ ਵਿੱਚ ਪੰਜਾਬ ਪੇਂਡੂ ਵਿਕਾਸ ਸੋਧ ਆਰਡੀਨੈਂਸ ਪ੍ਰਵਾਨ ਕਰ ਦਿੱਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਨੇ ਇਹ ਫੰਡ ਇਸ ਲਈ ਰੋਕੇ ਹੋਏ ਸਨ ਕਿਉਂਕਿ ਪਿਛਲੀਆਂ ਸਰਕਾਰਾਂ ਆਪਣੇ ਸਿਆਸੀ ਹਿੱਤ ਪੂਰਨ ਲਈ ਇਨ੍ਹਾਂ ਫੰਡਾਂ ਨੂੰ ਹੋਰ ਪਾਸੇ ਵਰਤਦੀਆਂ ਰਹੀਆਂ ਹਨ।

ਇਸ ਮੌਕੇ ਮੁੱਖ ਮੰਤਰੀ ਨੇ ਖੇਡਾਂ ਦੇ ਖੇਤਰ ਵਿੱਚ ਜਲੰਧਰ ਦੇ ਅਹਿਮ ਯੋਗਦਾਨ ਦਾ ਜ਼ਿਕਰ ਕਰਦੇ ਹੋਏ ਐਲਾਨ ਕੀਤਾ ਕਿ ਜਲੰਧਰ ਵਿੱਚ ਵਿਸ਼ਵ ਪੱਧਰ ਦੀ ਖੇਡ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ ।

ਇਸ ਦੌਰਾਨ ਮੁੱਖ ਮੰਤਰੀ ਨੇ ਬੂਟਾਂ ਮੰਡੀ ਵਿਖੇ ਡਾ.ਬੀ.ਆਰ.ਅੰਬੇਡਕਰ ਪਾਰਕ ਵਿਖੇ ਡਾ.ਅੰਬੇਡਕਰ ਦੇ ਬੁੱਤ 'ਤੇ ਫੁੱਲ ਮਾਲਾ ਭੇਟ ਕੀਤੀ। ਇਸ ਤੋਂ ਪਹਿਲਾਂ ਵਿਧਾਇਕ ਸ਼ੀਤਲ ਅੰਗੂਰਾਲ ਨੇ ਮੁੱਖ ਮੰਤਰੀ ਦਾ ਸਵਾਗਤ ਕਰਦਿਆਂ ਆਪਣੇ ਹਲਕੇ ਲਈ ਕੁਝ ਮੰਗਾਂ ਵੀ ਰੱਖੀਆਂ। ਇਸ ਮੌਕੇ ਵਿਧਾਇਕਾਂ ਅਤੇ ਹੋਰ ਨੇਤਾਵਾਂ ਵਲੋਂ ਮੁੱਖ ਮੰਤਰੀ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਮੁੱਖ ਮੰਤਰੀ ਨਾਲ ਵਿਧਾਇਕ ਸ਼ੀਤਲ ਅੰਗੂਰਾਲ, ਬਲਕਾਰ ਸਿੰਘ, ਰਮਨ ਅਰੋੜਾ, ਇੰਦਰਜੀਤ ਕੌਰ ਮਾਨ, ਆਪ ਨੇਤਾ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ, ਸੁਰਿੰਦਰ ਸਿੰਘ ਸੋਢੀ, ਜੀਤ ਲਾਲ ਭੱਟੀ, ਰਤਨ ਸਿੰਘ, ਪ੍ਰਿੰਸੀਪਲ ਪ੍ਰੇਮ ਕੁਮਾਰ, ਮੰਗਲ ਸਿੰਘ, ਸੁਭਾਸ਼ ਸਰਮਾ ਤੇ ਹੋਰ ਹਾਜ਼ਰ ਸਨ।

ਇਸ ਦੌਰਾਨ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਰਵੀ ਭਗਤ, ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ, ਕਮਿਸ਼ਨਰ ਆਫ਼ ਪੁਲਿਸ ਗੁਰਪ੍ਰੀਤ ਸਿੰਘ ਤੂਰ ਅਤੇ ਹੋਰ ਹਾਜ਼ਰ ਸਨ।

# ਭਾਜਪਾ ਸਮਰਾਲਾ ਵੱਲੋਂ ਮਨਾਇਆ ਬੀ ਆਰ ਅੰਬੇਦਕਰ ਦਾ ਜਨਮ ਦਿਹਾੜਾ



**ਸਮਰਾਲਾ/ਭੂਸ਼ਨ ਬਾਂਸਲ/ ਸੁਨੀਲ ਅੱਗਰਵਾਲ:-** ਅੱਜ ਮਿਤੀ 14/4/2022 ਨੂੰ ਭਾਰਤੀ ਜਨਤਾ ਪਾਦਰਟੀ ਦੀ ਸਮਰਾਲਾ ਇਕਾਈ ਨੇ, ਭਾਜਪਾ ਦੇ ਮੁੱਖ ਦਫਤਰ, ਬਹਿਲੋਲਪੁਰ ਰੋਡ ਸਮਰਾਲਾ, ਵਿਖੇ, ਮੰਡਲ ਪ੍ਰਧਾਨ ਯਸ਼ਪਾਲ ਗੋਪਾਲ ਮਿੰਟਾਂ ਦੀ ਅਗਵਾਈ ਵਿੱਚ ਭਾਰਤੀ ਸਵਿੰਧਾਨ ਦੇ ਰਚੇਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਜੈਅੰਤੀ ਸ਼ਰਧਾ ਨਾਲ ਮਨਾਈ ਗਈ। ਜਿਸ ਵਿਚ ਸ: ਰਣਜੀਤ ਸਿੰਘ ਜੀਤਾ ਗਹਿਲੇਵਾਲ, ਬਲਰਾਮ ਸ਼ਰਮਾ ਜ਼ਿਲ੍ਹਾ ਮੀਤ ਪ੍ਰਧਾਨ,ਅਜੀਤ ਗੁਪਤਾ ਜ਼ਿਲ੍ਹਾ ਮੀਤ ਪ੍ਰਧਾਨ,ਅੰਬਰੇਸ਼ ਵਰਮਾ ਮੰਡਲ ਜ:ਸੱਕਤਰ, ਸੂਰੀਆ ਕਾਂਤ ਵਰਮਾ,ਅਮਨ ਗੁਪਤਾ, ਅਵਿਨਾਸ਼ ਚੰਦਰ, ਸੰਜੀਵ ਕੁਮਾਰ ਤੋਂ ਇਲਾਵਾ ਹੋਰ ਬਹੁਤ ਸਾਰੇ ਵਰਕਰ ਸ਼ਾਮਿਲ ਹੋਏ।

# ਹਲਕਾ ਇੰਚਾਰਜ਼ ਲਾਲੀ ਮਜੀਠੀਆ ਦੀ ਅਗਵਾਈ ਹੇਠ ਵਿਸ਼ਾਲ ਵਰਕਰ ਟਰੇਨਿੰਗ ਮੀਟਿੰਗ ਕਰਵਾਈ

## ਵਿਧਾਇਕ ਡਾਂ: ਜੀਵਨਜੋਤ ਕੌਰ ਨੇ ਕਿਹਾ ਹਲਕੇ ਦੇ ਕੰਮ ਨਹੀ ਰੁਕਣਗੇ ਲਾਲੀ ਜੀ ਦਾ ਸਾਥ ਦਿਓ

**ਅੰਮ੍ਰਿਤਸਰ/ਰਾਜਾ ਕੋਟਲੀ**

ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਹਲਕਾ ਇਚਾਰਜ਼ ਸੁਖਜਿੰਦਰ-ਰਾਜ਼ ਸਿੰਘ ਲਾਲੀ ਮਜੀਠੀਆ ਦੀ ਰਹਿਨੁਮਾਈ ਅਤੇ ਡਾ: ਸਤਿੰਦਰਪਾਲ ਕੌਰ ਗਿੱਲ ਦੀ ਯੋਗ ਅਗਵਾਈ ਹੇਠ ਪੈਲਸ਼ ਗੁਲਾਬੀ ਬਾਗ ਮਹਿਤਾ ਰੋਡ ਅੱਡਾ ਨਾਥ ਦੀ ਖੂਹੀ ਵਿੱਖੇ ਹਲਕੇ ਮਜੀਠਾ ਦੇ ਵਰਕਰਾਂ ਨੂੰ ਅਤੇ ਆਮ ਲੋਕਾਂ ਨੂੰ ਵੱਖ- ਵੱਖ ਵਿਭਾਗਾ ਅਤੇ ਮਹਿਕਮਿਆ ਤੋਂ ਕੰਮ ਕਾਜ਼ ਕਰਵਾਓਣ ਵਿੱਚ ਆ ਰਹੀਆਂ ਮੁਸ਼ਕਲਾਂ ਦੀਆ ਸਕਾਇਤਾ ਸਬੰਧੀ ਮੀਟਿੰਗ ਵਲੰਟੀਅਰਾਂ ਦੇ ਸਹਿਯੋਗ ਨਾਲ ਸਫਲਤਾ ਪੂਰਵਕ ਕਰਵਾਈਆ, ਜਿਸ ਵਿੱਚ ਪ੍ਰਸ਼ਾਸਨ ਵੱਲੋ ਵੱਖ ਵੱਖ ਵਿਭਾਗਾਂ ਵਿੱਚ ਹੋਣ ਵਾਲੇ ਕੰਮਾ ਤੋ ਜਾਣੂ ਕਰਵਾਇਆ ਗਿਆ, ਜਿਸ ਵਿੱਚ ਹਲਕੇ ਦੇ ਪਿੰਡਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ।

ਇਸ ਮੌਕੇ ਬਤੌਰ ਮੁੱਖ ਮਹਿਮਾਨ ਵਜ਼ੋਂ ਉਚੇਚੇ ਤੌਰ ਤੇ ਪਹੁੰਚੇ ਡਾ: ਜੀਵਨਜੋਤ ਕੌਰ ਜੀ ਵਿਧਾਇਕ ਅਮ੍ਰਿਤਸਰ ਪੂਰਬੀ ਨੇ ਸਬੋਧਨ ਕਰਦਿਆਂ ਕਿਹਾ ਕਿ ਮੈਂ ਹਲਕਾ ਮਜੀਠਾ ਵਾਲਿਆ ਦੀ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਹਮੇਸ਼ਾ ਮਾਣ ਸਤਿਕਾਰ ਹੀ ਨਹੀ ਦਿੱਤਾ ਸਗੋਂ ਮੇਰੀ ਸਪੋਟ ਵੀ ਕੀਤੀ ਹੈ। ਲਾਲੀ ਮਜੀਠੀਆ ਜੀ ਦੀ ਉਸਾਰੂ ਸੋਚ ਵਾਲੀ ਟੀਮ ਬਾਰੇ ਹੋਰ ਵੀ ਵਧੀਆ ਲੱਗਾ ਕੇ ਜੋ ਬਦਲਾਵ ਦੀ ਗੱਲ ਕਰਦੇ ਹਾਂ ਇਸ ਵਰਕਰ ਟਰੈਨਿੰਗ ਮੀਟਿੰਗ ਵਿੱਚ ਆ ਕਿ ਵੇਖਣ ਨੂੰ ਮਿਲਿਆ ਹੈ ਜਿਥੇ ਸਾਰੇ ਅਫਸਰ ਸਹਿਬਾਨ ਆ ਕੇ ਜਾਣਕਾਰੀ ਦੇ ਰਹੇ ਹੋਣ ਤੇ ਵੱਡੀ ਗਿਣਤੀ ਵਿੱਚ ਲੋਕ ਬੈਠ ਕੇ ਸੁਣ ਰਹੇ ਹਨ।

ਆਪ ਦੇ ਕੰਨਵੀਨਰ ਸ੍ਰੀ ਅਰਵਿੰਦ ਕੇਜ਼ਰੀਵਾਲ ਜੀ, ਅਤੇ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਸਮੁੱਚੀ ਟੀਮ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਅੰਦਰ ਵੱਡੀ ਲੀਡ ਨਾਲ ਜਿੱਤ ਹਾਸਿਲ ਕੀਤੀ ਤੇ ਭਾਰੀ ਬਹੁਮਤ ਨਾਲ ਸਰਕਾਰ ਬਣਾਈ ਹੈ।

ਪੰਜਾਬ ਦੇ ਲੋਕਾਂ ਨੇ ਜਿਥੇ ਪਾਰਟੀ ਨੂੰ ਅਥਾਹ ਪਿਆਰ ਸਤਿਕਾਰ ਤੇ ਤਾਕਤ ਦਿੱਤੀ ਹੈ ਉਥੇ ਹੁਣ ਪਾਰਟੀ ਕੀਤੇ ਹੋਏ ਵਾਅਦੇ ਪੂਰੇ ਕਰਨ ਲਈ ਆਪਣਾ ਬਣਦਾ ਰੋ ਅਦਾ ਕਰੇਗੀ। ਜੀਵਨਜੋਤ ਨੇ ਹਲਕਾ ਮਜੀਠਾ ਵੱਲ ਵਿਸ਼ੇਸ ਧਿਆਨ ਕੇਂਦਰਤ ਕਰਦਿਆ ਆਖਿਆ ਕਿ ਮਜੀਠੇ ਵਾਲਿਆ ਤੁਸੀ ਆਪਣੇ ਆਪ ਨੂੰ ਹਾਰੇ ਨਾ ਸਮਝੋ ਤੁਸੀ ਹਾਰੇ ਨਹੀ ਸਰਕਾਰ ਦਾ ਪੂਰਾਂ ਧਿਆਨ ਹਲਕੇ ਮਜੀਠਾ ਵੱਲ ਹੈ ਦੂਜ਼ੇ ਹਲਕਿਆ ਦੀ ਤਰ੍ਹਾਂ ਹੀ ਵਿਸ਼ੇਸ ਧਿਆਨ ਦਿਤਾ ਜਾਵੇਗਾ, ਸਾਡੇ ਵੱਡੇ ਤੇ ਸਤਿਕਾਰਯੋਗ ਭਾਜ਼ੀ ਸ੍ਰ: ਸਖਜਿੰਦਰ- ਰਾਜ਼ ਸਿੰਘ ਲਾਲੀ ਮਜੀਠੀਆ ਜੀ ਅਤੇ ਸਾਡੇ ਭੈਣ ਜੀ ਡਾਂ: ਸਤਿੰਦਰ ਕੌਰ ਗਿੱਲ ਜੀ ਦੇ ਨਾਲ ਪੰਜਾਬ ਅਤੇ ਦਿੱਲੀ ਦੀ ਟੀਮ ਪੂਰੀ ਤਰ੍ਹਾਂ ਨਾਲ ਹੈ ਕਿਸੇ ਨੂੰ ਗੁਮਰਾਹ ਹੋਣ ਦੀ ਲੋੜ ਨਹੀ,ਅਸੀ ਬਿਲਕੁੱਲ ਨਾਲ ਹਾਂ ਕਿਸੇ ਵੀ ਤਰ੍ਹਾਂ ਦੇ ਕੰਮ ਵੀ ਰੁਕਣ ਨਹੀ ਦੇਣਗੇ। ਉਹਨ੍ਹਾਂ ਆਖਿਆ ਕੇ ਮੈਨੂੰ ਯਾਦ ਹੈ ਜਦੋਂ ਹਲਕਾ ਮਜੀਠਾ ਵਿੱਚ 2017 ਦੀ ਇਲੈਕਸ਼ਨ ਦੌਰਾਨ ਹਿੰਮਤ ਸਿੰਘ ਸ਼ੇਰਗਿੱਲ ਭਾਜ਼ੀ ਆਏ ਸੀ ਉਹਨ੍ਹਾਂ ਨਾਲ ਜੀ ਤੋੜ ਮੇਹਨਤ ਕਰਨ ਵਾਲਿਆ ਦੇ ਹੋਸਲੇ ਵੀ ਮੈਨੂੰ ਯਾਦ ਹੈ ਉਸ ਵਕਤ ਬਿਕਰਮ ਮਜੀਠੀਆ ਦੀ ਪੂਰੀ ਦਹਿਸਤ ਸੀ ਤੇ ਸਾਡੀ ਟੀਮ ਨੇ ਉਸ ਵਕਤ ਵੀ ਪ੍ਰਵਾਹ ਨਹੀ ਸੀ ਕੀਤੀ, ਨਾ ਹੀ ਲਾਲੀ ਮਜੀਠੀਆ ਜੀ ਨੇ ਕੀਤੀ ਸੀ ਜੋ ਅੱਜ ਵੀ ਨਿਡਰ ਹੋ ਕੇ ਖੜੇ ਨੇ।

ਮੈਂ ਵੀ ਕਦੇ ਨਹੀ ਸੀ ਸੋਚਿਆ ਕੇ ਮੈਂ ਵੀ ਚੋਣ ਲੜਾਗੀ ਤੇ ਮੇਰਾ ਮੁਕਾਬਲਾ ਵੀ ਓਹਨ੍ਹਾਂ ਨਾਲ ਹੋਵੇਗਾ ਜਿਨ੍ਹਾਂ ਨੂੰ ਕੋਈ ਹਰ੍ਹਾਂ ਨਹੀ ਸੀ ਸਕਦਾ ਇਹ ਸਾਰੀ ਤਾਕਤ ਸਾਰਾ ਬਲ ਸੂਝਵਾਨ ਵੋਟਰਾਂ ਤੇ ਸਪੋਟਰਾਂ ਦਾ ਅਤੇ ਆਪ ਪਾਰਟੀ ਦੀ ਹਾਈ ਕਮਾਨ ਦਾ ਹੈ, ਮੈਂ ਸਾਰਿਆ ਦੀ ਧੰਨਵਾਦੀ ਹਾਂ।

ਇਸ ਮੋਕੇ ਹਲਕਾਂ ਇਚਾਰਜ਼ ÷ਲਾਲੀ÷ ਮਜੀਠੀਆ ਨੇ ਆਏ ਹੋਏ ਮੁੱਖ ਮਹਿਮਾਨਾਂ, ਅਫਸ਼ਰ ਸਹਿਬਾਨਾਂ, ਸਤਿਕਾਰਯੋਗ ਵਰਕਰ ਸਹਿਬਾਨਾਂ ਦਾ ਕੋਟਿਨ ਕੋਟ ਧੰਨਵਾਦ ਕਰਦਿਆ ਆਖਿਆ ਕਿ ਹਰ ਮੁਸ਼ਕਲ ਦੀ ਘੜੀ ਵਿੱਚ ਅਸੀ ਤੁਹਾਡੇ ਨਾਲ ਹਾਂ, ਕਿਸੇ ਵੀ ਕਿਸ਼ਮ ਦੀ ਵਿਰੋਧਤਾਂ ਮਸਲੇ ਦਾ ਹਲ ਨਹੀ ਸਗੋਂ ਹਰ ਮਸਲੇ ਮਿਲ ਬੈਠ ਕੇ ਹੱਲ ਕੀਤੇ ਜਾ ਸਕਦੇ ਹਨ। ਬਾਕੀ ਜੇ ਕਿਸੇ ਵੀ ਵਿਭਾਗ ਵਿੱਚ ਕੰਮ ਹੈ ਤਾਂ ਸਾਡੇ ਨਾਲ ਤਾਲਮੇਲ ਕਰੋ ਪਾਰਟੀ ਹਾਈ ਕਮਾਨ ਵੱਲੋਂ ਵੀ ਕੋਈ ਮੁਸ਼ਕਲ ਨਹੀ ਹੈ। ਸਗੋਂ ਬਣੀ ਨਵੀਂ ਸਰਕਾਰ ਨੂੰ ਵਿਸ਼ਥਾਰ ਕਰਨ ਤੇ ਥੋੜਾ ਬਹੁਤਾ ਸਮਾਂ ਲਗਦਾ ਹੈ ਸਰਕਾਰ ਆਪਣੀ ਜਿਮੇਵਾਰੀ ਨਾਲ ਕੰਮ ਕਰ ਰਹੀ ਹੈ ਤੇ ਹਮੇਸ਼ਾ ਲੋਕ ਭਲਾਈ ਲਈ ਤਤਪਰ ਰਹੇਗੀ।

ਇਸ ਮੋਕੇ ਡੀਐਸਪੀ ਮਨਮੋਹਨ ਔਲਖ ਮਜੀਠਾ,ਬੀਡੀਓ ਸੁਖਜੀਤ ਸਿੰਘ ਤਰਸਿੱਕਾ,ਬੀਡੀਓ ਗੁਰਜੀਤ ਸਿੰਘ ਚੌਹਾਨ ਮਜੀਠਾ, ਐਸਐਚਓ ਮੱਤੇਵਾਲ ਗਗਨਦੀਪ ਸਿੰਘ ਮੱਤੇਵਾਲ, ਐਸਐਚਓ ਗੁਲਜਾਰ ਸਿੰਘ ਮਹਿਤਾ, ਸੀ.ਡੀ.ਪੀ.ਓ ਰਣਜੀਤ ਕੌਰ ਤਰਸਿੱਕਾ, ਏ.ਪੀ.ਓ ਨਰਿੰਦਰ ਸਿੰਘ, ਸੀ.ਓ.ਪੀ ਪਰਮਿੰਦਰ ਘਈ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਜੀ.ਓ.ਜੀ ਵਿਸੇਸ ਤੌਰ ਤੇ ਪਹੁੰਚੇ

ਜਿੰਨ੍ਹਾਂ ਵੱਲੋਂ ਪੁਲਿਸ ਵਿਭਾਗ ਵੱਲੋਂ ਨਸ਼ਿਆ ਨਾਲ ਨਜਿੱਠਣ ਲਈ ਚੁੱਕੇ ਕਦਮ, ਪੰਚਾਇਤ ਵਿਭਾਗ ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਅਤੇ ਪਿਛਲੇ ਸਮੇਂ ਦੌਰਾਨ ਮਿਲੀਆਂ ਗ੍ਰਾਂਟਾਂ ਦੀ ਸੁਚੱਜੇ ਢੰਗ ਨਾਲ ਵਿਕਾਸ ਕੰਮਾਂ ਲਈ ਵਰਤੋਂ ਕਰਨ ਸਬੰਧੀ, ਪਿੰਡਾਂ ਵਿੱਚ ਜਾਰੀ ਕੀਤੀਆਂ ਜਾਣ ਵਾਲੀਆਂ ਸਮਾਜਿਕ ਭਲਾਈ ਸਕੀਮਾਂ , ਡੀਪੂ ਹੋਲਡਰਾਂ ਅਤੇ ਨਵੇਂ ਰਾਸ਼ਨ ਕਾਰਡ ਨਾਲ ਸਬੰਧਤ ਜਾਣਕਾਰੀ,ਨਰੇਗਾ ਸਕੀਮ ਅਧੀਨ ਪਿੰਡਾਂ ਵਿੱਚ ਯੋਗ ਵਿਕਾਸ, ਕਿਵੇਂ ਸੰਭਵ ਹੋ ਸਕਦਾ ਵਿਸ਼ਥਾਰ ਪੁਰਵਕ ਜਾਣਕਾਰੀ ਦਿੱਤੀ,

ਵਾਤਾਵਰਣ ਨੂੰ ਬਚਾਉਣ ਲਈ ਪਾਰਟੀ ਦੀਆਂ ਵੱਖ ਵੱਖ ਯੋਜਨਾਵਾਂ

ਇਸ ਮੀਟਿੰਗ ਵਿੱਚ 26 ਜੂਨ ਨੂੰ ਹੋਣ ਜਾ ਰਹੀ ਗ੍ਰਾਮ ਸਭਾਵਾ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਮਹਿਲਾ ਸਰਪੰਚ ਅਤੇ ਪੰਚ ਦੀਆਂ ਜਿੰਮੇਵਾਰੀਆਂ

, ਪੰਚਾਇਤੀ ਜਮੀਨਾਂ ਦੀ ਬੋਲੀ ਸਮੇਂ ਐਸ ਸੀ ਕੋਟੇ ਦੇ ਰਾਖਵੇਂਕਰਨ ਸਬੰਧਤ ਵੀ ਜਾਣਕਾਰੀ ਦਿੱਤੀ ਗਈ।

ਵੱਡੀ ਗਿਣਤੀ ਵਿੱਚ ਹਾਜਿਰ ਵਲੰਟੀਅਰਾਂ ਅਤੇ ਆਮ ਲੋਕਾਂ ਨੇ ਵੱਖ-ਵੱਖ ਮਹਿਕਮਿਆ ਸਬੰਧਤ ਅਫਸਰਾ ਅਤੇ ਲੀਡਰ ਸਹਿਬਾਨਾਂ ਨਾਲ ਮੁਲਾਕਾਤ ਕੀਤੀ।

ਵੱਖ ਪਿੰਡਾਂ ਵਿੱਚ ਹੋਣ ਵਾਲੇ ਅਤਿ ਜ਼ਰੂਰੀ ਕੰਮਾਂ ਦੀ ਲਿਸਟਾਂ ਸੁਝੱਜੇ ਢੰਗ ਨਾਲ ਵਲੰਟੀਅਰਾਂ ਵੱਲੋਂ ਲਗਾਏ ਟੇਬਲਾਂ ਤੇ ਜਮਾਂ ਕਰਵਾਈਆ,

ਜਿਸਦੀ ਆਏ ਹੋਏ ਅਫਸਰਾਂ ਨੇ ਵੀ ਸਰਾਨਾ ਕੀਤੀ ਇਸ ਵਰਕਰ ਮੀਟਿੰਗ ਦੇ ਪ੍ਰਮੁੱਖ ਪ੍ਰਬੰਧਕ ਪੱਤਰਕਾਰ ਸਤਨਾਮ ਸਿੰਘ ਜੱਜ, ਸੁਰਜੀਤ ਸਿੰਘ ਭੋਏਵਾਲ, ਪ੍ਰਿਸ਼ੀਪਲ ਗੁਰਮੁਖ ਸਿੰਘ ਅਰਜਨ ਮਾਂਗਾ, ਸਰਪੰਚ ਸਵਿੰਦਰ ਸਿੰਘ ਸਿੰਦੂ ਚੌਗਾਵਾ ਸਾਧਪੁਰ, ਪ੍ਰਮਜੀਤ ਸਿੰਘ ,ਹਰਪਾਲ ਸਿੰਘ ਭੋਏਵਾਲ, ਅਤੇ ਹਰਜਿੰਦਰ ਸਿੰਘ ਭੋਏਵਾਲ ਟੀਮ ਦੀ ਵੀ ਅਫਸਰਾਂ ਤੇ ਲੀਡਰ ਸਹਿਬਾਨਾਂ ਵੱਲੋਂ ਸਲਾਘਾ ਕੀਤੀ ਗਈ



ਰੋਜ਼ਾਨਾ ਲੋਕ ਬਾਣੀ

ਇਸ ਮੋਕੇ ਅਵਲ ਮਜੀਠਾ, ਰਾਜ਼ਵਿੰਦਰ ਸਿੰਘ ਨਵੇਂ ਨਾਗ, ਭਿੰਦਾ,ਜਸਪਾਲ ਸਿੰਘ ਨਵੇਂ ਨਾਗ,ਸਵਰਨਜੀਤ ਸਿੰਘ ਕੁਰਾਲੀਆ,ਗੁਰਦੇਵ ਸਿੰਘ ਗਿੱਲ ਕੱਥੂਨੰਗਲ,ਨਾਨਕ ਸਿੰਘ ਰਾਮਦੀਵਾਲੀ,ਲਖਵਿੰਦਰ ਸਿੰਘ ਰਾਮਦੀਵਾਲੀ,ਜਸਮੀਤ ਸਿੰਘ,ਲਖਵਿੰਦਰ ਸਿੰਘ ਵੇਰੇਵਾਲ, ਮਾਰਕੀਟ ਕਮੇਟੀ ਮਜੀਠਾ ਦੇ ਚੇਅਰਮੈਨ ਬਲਵਿੰਦਰ ਸਿੰਘ ਮਰੜੀ,ਵਾਈਸ ਚੇਅਰਮੈਨ ਗੁਰਮੁੱਖ ਸਿੰਘ ਕਾਦਰਾਂਬਾਦ,ਪੀ.ਏ ਸਤਿੰਦਰ ਸਿੰਘ ਉਪਲ,ਹਰਮਨ ਸਿੰਘ ਉਪਲ,ਰਸ਼ਪਾਲ ਸ਼ਰਮਾ ਮੱਤੇਵਾਲ,ਕਿਰਪਾਲ ਸਿੰਘ ਅੰਮ੍ਰਿਤਸਰ,ਸ਼ਦੀਪ ਸਰਮਾ ਥਰੀਏਵਾਲ,÷ਪ੍ਰਗਟ ਸਿੰਘ,ਮੁਖਵਿੰਦਰ ਸਿੰਘ,ਨਿਰਮਲ ਸਿੰਘ ਕਲੇਰ

ਜਰਮਨਜੀਤ ਸਿੰਘ ਚੰਦੀ ਤਨੇਲ,ਸੁਰਿੰਦਰ ਸਿੰਘ ਲਾਲੀ ਮਜੀਠਾ,ਜਗੀਰ ਸਿੰਘ ਚੰਨਣਕੇ,ਲਖਵਿੰਦਰ ਸਿੰਘ ਚੰਨਣਕੇ,ਸੁਖਜਿੰਦਰ ਸਿੰਘ ਸਿੰਦੂ ਚੰਨਣਕੇ,ਤਜਿੰਦਰ ਸਿੰਘ ਫੋਜ਼ੀ,ਰੇਸ਼ਮ ਸਿੰਘ ਵੇਰੇਵਾਲ,(ਲਵਪ੍ਰੀਤ ਸਿੰਘ,ਨਿਸ਼ਾਨ ਸਿੰਘ, ਰਾਜ਼ਵਿੰਦਰ ਸਿੰਘ,ਤਰਲੋਚਨ ਸਿੰਘ ਮਲਕੀਤ ਸਿੰਘ ਪੰਚ ਸਾਰੇ ਅਰਜਨਮਾਂਗਾ)ਬਲਦੇਵ ਸਿੰਘ ਮਜੀਠਾ,ਮਿੰਟੂ ਜੈਲਦਾਰ ਜੈਤੀਪੁਰ,ਸੋਨੀ ਸਰੀਨ ਕੱਥੂਨੰਗਲ,ਗੁਰਪ੍ਰੀਤ ਸਿੰਘ ਪੁਰਾਣਾ ਤਨੇਲ,ਗੁਰਜੀਤ ਸਿੰਘ ਪੰਧੇਰ ਕਲ੍ਹਾਂ,ਬਾਬਾ ਅਵਤਾਰ ਸਿੰਘ ਬੱਗਾ,ਨਿਸ਼ਾਨ ਸਿੰਘ ਚੌਗਾਵਾ,ਬਪਾਨੀ ਲੁਧੜ,ਸੋਨਾ ਭੰਧੇਰ,ਭੁਪਿੰਦਰ ਸਿੰਘ ਭੋਆ,ਸੁਖਵਿੰਦਰ ਸਿੰਘ, ਨਰਿੰਦਰ ਕੌਰ, ਜੱਜ ਸਿੰਘ, ਰਾਜ਼ਾ ਸਿੰਘ ਘਨਸਾਮਪੁਰ,ਸਤਨਾਮ.ਸਿੰਘ.ਮੱਦੀਪੁਰ,ਸਤਨਾਮ ਸਿੰਘ ਤਰਫਾਨ,ਮੇਜ਼ਰ ਸਿੰਘ ਸਰ੍ਹਾਂ,ਸਦੀਪ ਭੰਧੇਰ,ਰਕੇਸ਼ ਦਿਆਲਪੁਰ,ਧਰਮਿੰਦਰ ਸਿੰਘ ਪਤਾਲਪੁਰੀ,ਗੁਰਮੁੱਖ ਸਿੰਘ ਰੱਖ ਭੰਗਵਾ,ਗੁਰਜੰਟ ਸਿੰਘ ਪਾਖਰਪੁਰਾ,ਕਿਰਪਾਲ ਸਿੰਘ ਨੰਹਲ.ਪਨਵਾ,ਹਰਪਾਲ ਸਿੰਘ ਪੰਦੇਰ ਖੁਰਦ,ਭੁਪਿੰਦਰ ਸਿੰਘ ਭੋਆ,ਪ੍ਰਮਜੀਤ ਸਿੰਘ ਚੰਨਣਕੇ,ਰਾਜ਼ਨ ਕੱਥੂਨੰਗਲ, ਨਿਸ਼ਾਨ ਸਿੰਘ ਹਿਰਦੇਰਾਮ,ਬਲਿਹਾਰ ਸਿੰਘ ਟਾਹਲੀ ਸਾਹਬ ਜੁਗਰਾਜ਼ ਸਿੰਘ ਟਾਹਲੀ ਸਾਹਬ,ਅਨੂਪ ਸਿੰਘ ,ਕਰਮਜੀਤ ਸਿੰਘ ਢਿੱਲੋਂ ,ਫੋਜੀ ਕਸ਼ਮੀਰ ਸਿੰਘ ਉਪਲ,ਗੁਰਿੰਦਰ ਸਿੰਘ,ਪ੍ਰਮਜੀਤ ਸਿੰਘ ਭੁੱਲਰ ਨਵਪ੍ਰੀਤ ਸਿੰਘ ਉਪਲ,ਮੈਂਬਰ ਕੁਲਵਿੰਦਰ ਸਿੰਘ ਸੋਨੀ ,ਸੁਖਦੇਵ ਸਿੰਘ ਤਾਂਦੂਰ ਵਾਲੇ,ਰਣਦੀਪ ਸਿੰਘ ਦੀਪ,ਬਲਵਿੰਦਰ ਸਿੰਘ, ਜਗਦੀਸ਼ ਸਿੰਘ ਮਾਣਾ ਆਦਿ ਹਾਜਿਰ ਸਨ।

# ਜੰਡਿਆਲਾ ਗੁਰੂ ਤਰਨ ਤਾਰਨ ਸੜਕ ਦਾ ਰਹਿੰਦਾ ਹਿੱਸਾ ਬਣਨਾ ਸ਼ੁਰੂ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਜੰਡਿਆਲਾ ਗੁਰੂ ਤਰਨ ਤਾਰਨ ਸੜਕ ਦਾ ਕੁਝ ਹਿੱਸਾ ਜੋ ਪਿਛਲੇ ਪੰਜ ਸਾਲਾ ਵਿਚ ਨਹੀਂ ਬਣ ਸਕਿਆ ਜਿਸ ਦੇ ਚਲਦਿਆਂ ਰਾਹਗੀਰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਸੜਕ ਦਾ ਹਿੱਸਾ ਬਣਨਾ ਸ਼ੁਰੂ ਹੋਇਆ ਹੈ ਜਿਸ ਨਾਲ ਰਾਹਗੀਰਾਂ ਨੂੰ ਵੱਡੀ ਰਾਹਤ ਮਿਲੇਗੀ । ਜ਼ਿਕਰਯੋਗ ਹੈ ਕਿ ਪਿੰਡ ਜਾਣੀਆ ਦਾ ਛੱਪੜ ਬਿਲਕੁਲ ਸੜਕ ਦੇ ਕਿਨਾਰੇ ਨਾਲ ਲੱਗਦਾ ਸੀ ਜਿਸ ਦੇ ਪਾਣੀ ਨਿਕਾਸ ਪ੍ਰਬੰਧ ਨਹੀਂ ਸੀ ਉਹ ਓਵਰ ਫਲੋਅ ਹੋ ਕੇ ਪਾਣੀ ਸੜਕ ਵਿਚ ਖੜ੍ਹਾ ਰਹਿੰਦਾ ਸੀ । ਜਿਸ ਨਾਲ ਸੜਕ ਵਿਚ ਬਹੁਤ ਡੂੰਘੇ ਖੱਡੇ ਪੈ ਚੁੱਕੇ ਸਨ । ਹਲਕਾ ਜੰਡਿਆਲਾ ਗੁਰੂ ਤੋਂ ਬਣੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਸੀ ਇਹ ਸੜਕ ਪਹਿਲ ਦੇ ਅਧਾਰ ਤੇ ਬਣਾਈ ਜਾਵੇਗੀ ਜਿਸ ਦਾ ਕੰਮ ਅੱਜ ਸ਼ੁਰੂ ਹੋ ਚੁੱਕਿਆ ਹੈ । ਜਾਣੀਆ ਪਿੰਡ ਦੇ ਲਾਗੇ ਇੰਟਰਲਾਕ ਟਾਇਲਾਂ ਅਤੇ ਬਾਕੀ ਹਿੱਸੇ ਨੂੰ ਲੁੱਕ ਬੱਜ਼ਰੀ ਨਾਲ ਤਿਆਰ ਕੀਤਾ ਜਾ ਰਿਹਾ ਹੈ ।ਇਹ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਲਈ ਰਾਹਤ ਵਾਲੀ ਗੱਲ ਹੈ ।



# ਗਿੱਲ ਤੇ ਹੋਰਨਾਂ ਨੇ ਡਿਪਟੀ ਚੀਫ਼ ਜਤਿੰਦਰ ਸਿੰਘ ਨੂੰ ਕੀਤਾ ਸਨਮਾਨਿਤ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**:- ਸਬ ਡਵੀਜ਼ਨ ਫਤਿਹਪੁਰ ਰਾਜਪੂਤਾਂ (ਨਵਾਂ ਪਿੰਡ) ਵਿਖੇ ਤਾਇਨਾਤ ਆਰ. ਏ. ( ਮਾਲ ਲੇਖਾਕਾਰ ) ਰਣਬੀਰ ਸਿੰਘ ਗਿੱਲ ਤੇ ਉਹਨਾਂ ਦੇ ਸਾਥੀਆਂ ਨੇ ਡਿਪਟੀ ਚੀਫ਼ ਇੰਜੀਨੀਅਰ ਜਤਿੰਦਰ ਸਿੰਘ ਸਬ ਡਵੀਜ਼ਨ ਅਰਬਨ ਸਰਕਲ ਅੰਮ੍ਰਿਤਸਰ ਨੂੰ ਸਨਮਾਨਿਤ ਕੀਤਾ । ਇਸ ਮੌਕੇ ਤੇ ਡਿਪਟੀ ਚੀਫ਼ ਇੰਜੀਨੀਅਰ ਜਤਿੰਦਰ ਸਿੰਘ ਤੇ ਆਰ.ਏ. ਰਣਬੀਰ ਸਿੰਘ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ਤੇ ਬਿਜਲੀ ਖਪਤਕਾਰਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ । ਇਸ ਮੌਕੇ ਤੇ ਐਕਸੀਅਨ ਮਨਿੰਦਰਪਾਲ ਸਿੰਘ, ਆਰ. ਏ. ਰਣਬੀਰ ਸਿੰਘ ਗਿੱਲ, ਐਸਡੀਓ ਪੰਕਜ਼ ਕੁਮਾਰ, ਰਵਿੰਦਰਜੀਤ ਸਿੰਘ ਗਿੱਲ ਸਿਟੀ ਸਰਕਲ, ਗੁਰਪ੍ਰੀਤ ਸਿੰਘ ਸਬ ਅਰਬਨ ਸਰਕਲ, ਜੇਈ ਸੁਖਰਾਜ ਸਿੰਘ ਚਾਹਲ, ਜੇਈ ਦਲਜੀਤ ਸਿੰਘ, ਜੇਈ ਰਤਨ ਸਿੰਘ, ਜੇਈ ਮਲਕੀਤ ਸਿੰਘ ਮਹਿਣੀਆਂ, ਜੇਈ ਜਰਨੈਲ ਸਿੰਘ ਛੀਨਾਂ, ਜੇਈ ਕਾਬਲ ਸਿੰਘ, ਹੈਡ ਕੈਸ਼ੀਅਰ ਭੁਪਿੰਦਰ ਸਿੰਘ, ਸੁਖਮਿੰਦਰ ਸਿੰਘ ਸਾਹਿਬੀ, ਨਰਿੰਦਰ ਸਿੰਘ, ਮੈਡਮ ਮਨਦੀਪ ਕੌਰ, ਮੈਡਮ ਸ਼ਰਨਜੀਤ ਕੌਰ, ਜੱਜ ਛਾਪਾ, ਮੀਟਰ ਰੀਡਰ ਹਰਪ੍ਰੀਤ ਸਿੰਘ ਤੇ ਇਲਾਕੇ ਦੀਆਂ ਹੋਰ ਵੀ ਕਈ ਨਾਮਵਰ ਸ਼ਖਸੀਅਤਾਂ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਹਦਾਇਤਾਂ ਦੀ ਪਾਲਣਾ ਕਰਨ ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

Website : www.lokbani.com
lokbani08@gmail.com

# ਦੂਜੇ ਪਿੰਡ ਦਾ ਪਾਣੀ ਬੰਡਾਲੇ ਦੇ ਛੱਪੜ 'ਚ ਨਹੀਂ ਪੈਣ ਦੇਵਾਂਗੇ-ਪਿੰਡ ਵਾਸੀ



## ਜਾਣੀਆਂ ਪਿੰਡ ਦੇ ਛੱਪੜ ਵਾਲੀ ਥਾਂ ਤੇ ਲੋਕਾਂ ਨੇ ਕੀਤਾ ਨਜ਼ਾਇਜ਼ ਕਬਜ਼ਾ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਕਸਬਾ ਬੰਡਾਲਾ, ਨੰਦਵਾਲਾ, ਸੁੱਖੇਵਾਲ, ਨਵਾਂ ਪਿੰਡ ਦੇ ਸਰਪੰਚਾਂ-ਪੰਚਾਂ ਅਤੇ ਮੋਹਤਬਰ ਨਿਵਾਸੀਆਂ ਨੇ ਚਿੱਟੀ ਖੂਹੀ ਤੇ ਇਕੱਠੇ ਹੋ ਕੇ ਫੈਸਲਾ ਕੀਤਾ ਹੈ ਕਿ ਪਿੰਡ ਜਾਣੀਆਂ ਵਾਲੇ ਛੱਪੜ ਦਾ ਪਾਣੀ ਪਿੰਡ ਬੰਡਾਲੇ ਦੇ ਛੱਪੜਾਂ ਵਿਚ ਕਿਸੇ ਵੀ ਕੀਮਤ ਤੇ ਨਹੀਂ ਪੈਣ ਦਿੱਤਾ ਜਾਵੇਗਾ । ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਇਸ ਲਈ ਵੱਡੇ ਰੋਸ-ਮੁਜ਼ਾਹਰੇ ਵੀ ਕੀਤੇ ਜਾਣਗੇ ਅਤੇ ਲੋੜ ਪਈ ਤਾਂ ਪੱਕੇ ਤੌਰ ਤੇ ਧਰਨਾ ਵੀ ਲਗਾ ਦਿੱਤਾ ਜਾਵੇਗਾ । ਉਨ੍ਹਾਂ ਨੇ ਕਿਹਾ ਕਿ ਜਾਣੀਆਂ ਜੰਡਿਆਲਾ ਗੁਰੂ ਦੇ ਕੋਲ ਪੈਂਦਾ ਹੈ ਅਤੇ ਇਸ ਪਿੰਡ ਪਾਣੀ ਉਸ ਪਾਸੇ ਵੱਲ ਵੱਡੇ ਪੋਰੇ ਪਾ ਕੇ ਭੇਜਿਆ ਜਾਵੇ ਜਾ ਇਸ ਦੇ ਪਾਣੀ ਨੂੰ ਥਾਪਰ ਮਾਡਲ ਬਣਾ ਕੇ ਕਿਸਾਨਾਂ ਦੀ ਵਰਤੋਂ ਵਿਚ ਲਿਆਂਦਾ ਜਾਵੇਗਾ ਜਿਸ ਨਾਲ ਛੱਪੜ ਵਿਚ ਪਾਣੀ ਜਮਾਂ ਨਹੀਂ ਹੋਵੇਗਾ । ਉਨ੍ਹਾਂ ਨੇ ਕਿਹਾ ਕਿ ਵਾਰ-ਵਾਰ ਜਾਣੀਆਂ ਦਾ ਪਾਣੀ ਬੰਡਾਲੇ ਭੇਜਣ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਜੋ ਪੂਰੀ ਨਹੀਂ ਹੋਵੇਗੀ । ਉਨ੍ਹਾਂ ਨੇ ਕਿਹਾ ਕਿ ਗਲਤੀਆਂ ਤਾ ਸਰਕਾਰਾਂ ਦੀਆਂ ਹਨ ਜੋ ਪਿੰਡ ਦੇ ਨਿਕਾਸੀ ਪਾਣੀ ਦੇ ਪ੍ਰਬੰਧ ਨਹੀਂ ਕਰ ਸਕੀਆ । ਉਨ੍ਹਾਂ ਨੇ ਕਿਹਾ ਜਾਣੀਆਂ ਪਿੰਡ ਦੇ ਵੱਡੇ ਛੱਪੜ ਵਾਲੀ ਥਾਂ ਨੂੰ ਪੂਰ ਕੇ ਲੋਕਾਂ ਨੇ ਨਜ਼ਾਇਜ਼ ਕਬਜ਼ਾ ਕੀਤਾ ਹੋਇਆ ਹੈ ਉਸ ਨੂੰ ਛੁਡਵਾਇਆ ਜਾਵੇ ਅਤੇ ਉਥੇ ਛੱਪੜ ਬਣਾਇਆ ਜਾਵੇ। ਇਸ ਮੌਕੇ ਤੇ ਹਰਜੀਤ ਸਿੰਘ ਚੇਅਰਮੈਨ, ਦਿਲਬਾਗ ਸਿੰਘ, ਸਤਿੰਦਰ ਸਿੰਘ ਟੀਟੂ, ਰਣਧੀਰ ਸਿੰਘ ਧੀਰਾ, ਸਤਿੰਦਰਬੀਰ ਸਿੰਘ, ਰਾਜਬਿੰਦਰ ਸਿੰਘ, ਸਰਪੰਚ ਅੰਗਰੇਜ ਸਿੰਘ ਗੁਨੋਵਾਲ ਹਵੇਲੀਆ, ਸੁਖਵਿੰਦਰ ਸਿੰਘ ਛਿੰਦਾ, ਅਮਰੀਕ ਸਿੰਘ, ਗੁਰਜੰਟ ਸਿੰਘ, ਕਥਾ ਵਾਚਕ ਗਿਆਨੀ ਗੁਰਵਿੰਦਰ ਸਿੰਘ, ਜਸਬੀਰ ਸਿੰਘ ਟੋਨਾ, ਅਨੋਖ ਸਿੰਘ, ਰਣਜੀਤ ਸਿੰਘ ਲਾਲੀ ਸਰਪੰਚ ਆਦਿ ਮੋਹਤਬਰ ਵਿਅਕਤੀ ਹਾਜ਼ਰ ਸਨ ।

# ਐੱਸ, ਡੀ, ਸੀਨੀਅਰ ਸੈਕੰਡਰੀ ਸਕੂਲ ਵਿੱਚ ਮਨਾਇਆ ਗਿਆ ਵਿਸਾਖੀ ਦਾ ਤਿਉਹਾਰ





**ਮਲੋਟ/ਗਿਆਨ ਸਾਹਨੀ**

ਐੱਸ.ਡੀ.ਸੀਨੀਅਰ ਸੈਕੰਡਰੀ ਸਕੂਲ ਮਲੋਟ ਵਿੱਚ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨੀਰੂ ਬੰਨਲਾ ਵਾਟਸ ਅਗਵਾਈ ਹੇਠ ਵਿਸਾਖੀ ਦਾ ਤਿਉਹਾਰ ਬੜੇ ਹੀ ਨਵੇਕਲੇ ਢੰਗ ਨਾਲ ਮਨਾਇਆ ਗਿਆ। ਇਸ ਦੌਰਾਨ ਸਕੂਲ ਵਿੱਚ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਨਰਸਰੀ ਤੋਂ ਯੂ.ਕੇ.ਜੀ ਕਲਾਸ ਦੇ ਛੋਟੇ ਬੱਚਿਆਂ ਦਾ ਫੈਂਸੀ ਡਰੈਸ ਕੰਪੀਟੀਸ਼ਨ ਕਰਵਾਇਆ ਗਿਆ। ਇਸ ਦੌਰਾਨ ਛੋਟੇ-ਛੋਟੇ ਬੱਚੇ ਤਿੰਨ-ਤਿੰਨ ਪ੍ਰਕਾਰ ਦੀਆਂ ਰੰਗ-ਬਿਰੰਗੀਆ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਪੁਸ਼ਾਕਾਂ ਪਹਿਨ ਕੇ ਆਏ। ਇਸੇ ਤਰ੍ਹਾਂ ਪਹਿਲੀ ਅਤੇ ਦੂਸਰੀ ਕਲਾਸ ਦੇ ਵਿਦਿਆਰਥੀਆਂ ਵਿਚਕਾਰ ਕਵਿਤਾ ਉਚਾਰਨ, ਤੀਜੀ ਤੋਂ ਪੰਜਵੀਂ ਵਿਸਾਖੀ ਦੇ ਵਿਸ਼ੇ ਨਾਲ ਸੰਬੰਧਿਤ ਪੈਰਾਗ੍ਰਾਫ ਰਚਨਾ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਤੇ ਸਕੂਲ ਦੀ ਕਲਾਸ ਦੇ ਵਿਦਿਆਰਥੀਆਂ ਲਈ ਕਵਿਤਾ ਲੇਖਣ, 6ਵੀਂ ਤੋਂ 8ਵੀਂ ਕਲਾਸ ਦੇ ਵਿਦਿਆਰਥੀਆਂ ਦਾ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਕੁਇਜ਼ ਕੰਪੀਟੀਸ਼ਨ 9ਵੀਂ ਤੋਂ 12 ਵੀਂ ਕਲਾਸ ਦੇ ਵਿਦਿਆਰਥੀਆਂ ਦਾ ਪੰਜਾਬੀ ਸੱਭਿਆਚਾਰ ਨਾਲ ਵਿਸਾਖੀ ਦੇ ਵਿਸੇ ਨਾਲ ਸਬੰਧਿਤ ਪੈਰਾਗ੍ਰਾਫ ਰਚਨਾਂ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਨੇ ਸਕੂਲ ਦੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੱਤੀ ਤੇ ਕਾਮਨਾ ਕੀਤੀ ਕਿ ਵਿਸਾਖੀ ਦਾ ਤਿਉਹਾਰ ਸਭ ਲਈ ਖੁਸ਼ੀਆਂ ਤੇ ਤਰੱਕੀ ਲੈ ਕੇ ਆਵੇ।

# ਨੌਜਵਾਨਾਂ ਨੂੰ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੁਆਰਾ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ - ਸੁਰਭੀ ਮਲਿਕ

## •ਪ੍ਰਸ਼ਾਸਨ ਵੱਲੋਂ ਅੱਜ ਪ੍ਰਸ਼ਾਸ਼ਨਿਕ ਕੰਪਲੈਕਸ ਵਿਖੇ ਮਨਾਇਆ ਗਿਆ ਜ਼ਿਲ੍ਹਾ ਪੱਧਰੀ ਸਮਾਗਮ

**ਲੁਧਿਆਣਾ/ਸੁਖਚੈਨ ਮਹਿਰਾ**

ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਸ਼ਾਸ਼ਨਿਕ ਕੰਪਲੈਕਸ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਵੱਲੋਂ ਡਾ.ਬੀ.ਆਰ.ਅੰਬੇਡਕਰ ਦੇ ਬੁੱਤ @ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।



ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਇੱਕ ਮਹਾਨ ਵਿਦਵਾਨ, ਨਿਆਂਕਾਰ, ਅਰਥਸ਼ਾਸਤਰੀ, ਸਮਾਜ ਸੁਧਾਰਕ ਅਤੇ ਰਾਜਨੇਤਾ ਸਨ। ਉਨ੍ਹਾਂ ਕਿਹਾ ਕਿ ਹਾਲਾਂਕਿ ਡਾ. ਅੰਬੇਡਕਰ ਇੱਕ ਗਰੀਬ ਪਰਿਵਾਰ ਤੋਂ ਸਨ ਪਰ ਸਮਾਜ ਲਈ ਉਨ੍ਹਾਂ ਦੇ ਅਪਾਰ ਯੋਗਦਾਨ ਨੇ ਉਨ੍ਹਾਂ ਨੂੰ ਵਿਸ਼ਵਵਿਆਪੀ ਨੇਤਾਵਾਂ ਦੀ ਲੜੀ ਵਿੱਚ ਲਿਆਂਦਾ ਹੈ। ਸ੍ਰੀਮਤੀ ਮਲਿਕ ਨੇ ਕਿਹਾ ਕਿ ਡਾ. ਅੰਬੇਡਕਰ ਦਾ ਸਮਾਜ ਦੇ ਗਰੀਬ ਵਰਗਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਬੇਮਿਸਾਲ ਦ੍ਰਿੜਤਾ ਅਤੇ ਸੰਘਰਸ਼ ਵਜੋਂ ਵਿਸ਼ਵ ਦੀ ਹਰ ਪੀੜ੍ਹੀ ਲਈ ਇੱਕ ਮਿਸਾਲ ਬਣੇ ਰਹਿਣਗੇ।

ਉਨ੍ਹਾਂ ਨੌਜਵਾਨਾਂ ਨੂੰ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦੇ ਦਰਸਾਏ ਮਾਰਗ @ਤੇ ਚੱਲਣ ਲਈ ਵੀ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਭਾਰਤੀ ਸੰਵਿਧਾਨ ਡਾ. ਅੰਬੇਡਕਰ ਦੀ ਮਿਹਨਤ, ਲਗਨ ਅਤੇ ਦੂਰਅੰਦੇਸ਼ੀ ਦਾ ਨਤੀਜਾ ਹੈ।

ਇਸ ਮੌਕੇ ਐਸ.ਡੀ.ਐਮ. (ਪੱਛਮੀ) ਸ੍ਰੀ ਜਗਦੀਪ ਸਹਿਗਲ, ਸਹਾਇਕ ਕਮਿਸ਼ਨਰ (ਜਨਰਲ) ਸ. ਗੁਰਬੀਰ ਸਿੰਘ ਕੋਹਲੀ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਸੁਰਭੀ ਮਲਿਕ ਬਣੀ ਲੁਧਿਆਣਾ ਦੀ ਪਹਿਲੀ ਮਹਿਲਾ ਡਿਪਟੀ ਕਮਿਸ਼ਨਰ

**ਲੁਧਿਆਣਾ/ਲੋਕ ਬਾਣੀ**

ਪੰਜਾਬ ਦੇ ਦਿਲ ਕਹੇ ਜਾਣ ਵਾਲੇ ਸ਼ਹਿਰ ਲੁਧਿਆਣਾ ਵਿੱਚ ਪਹਿਲੀ ਮਹਿਲਾ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਵੱਲੋਂ ਅਹੁਦਾ ਸੰਭਾਲਿਆ ਗਿਆ।ਅਧਿਕਾਰਤ ਤੌਰ 'ਤੇ ਲੁਧਿਆਣਾ ਦੇ ਡੀਸੀ ਰਹੇ ਵਰਿੰਦਰ ਸ਼ਰਮਾ ਵੱਲੋਂ ਉਨ੍ਹਾਂ ਨੂੰ ਆਪਣਾ ਕੰਮ ਸੌਂਪਿਆ ਗਿਆ। ਸੁਰਭੀ ਮਲਿਕ ਲੁਧਿਆਣਾ ਦੀ ਪਹਿਲੀ ਮਹਿਲਾ ਡਿਪਟੀ ਕਮਿਸ਼ਨਰ ਬਣੀ ਹੈ।ਤੁਹਾਨੂੰ ਦੱਸ ਦੇਈਏ ਕਿ ਸੁਰਭੀ ਮਲਿਕ 2012 ਬੈਚ ਦੀ ਆਈ ਏ ਐਸ ਅਫਸਰ ਹਨ। ਸੁਰਭੀ ਮਲਿਕ ਇਸ ਤੋਂ ਪਹਿਲਾਂ ਏ ਡੀ ਸੀ ਡਿਵੈਲਪਮੈਂਟ, ਐਡੀਸ਼ਨਲ ਕਮਿਸ਼ਨਰ ਮਿਉਂਸਿਪਲ ਕਾਰਪੋਰੇਸ਼ਨ ਲੁਧਿਆਣਾ, ਐੱਸਡੀਐੱਮ ਨੰਗਲ, ਏਡੀਸੀ ਰੂਪਨਗਰ, ਡੀਸੀ ਫਤਹਿਗੜ੍ਹ ਸਾਹਿਬ, ਕੋਰੋਨਾ ਮਹਾਮਾਰੀ ਦੇ ਦੌਰਾਨ ਰਾਜਿੰਦਰਾ ਹਸਪਤਾਲ ਦੀ ਇੰਚਾਰਜ ਵੀ ਰਹਿ ਚੁੱਕੇ ਹਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪਤੀ ਸੰਦੀਪ ਗਰਗ ਰੂਪਨਗਰ ਦੇ ਐੱਸਐੱਸਪੀ ਹਨ।



# ਸਾਧਾਂਵਾਲਾ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਵੀ ਪਹਿਨਾਏ ਗਏ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਪਿੰਡ ਸਾਧਾਂਵਾਲਾ ਗੁਰਦੁਆਰਾ ਸਾਹਿਬ ਵਿਖੇ ਸਮੂਹ ਨਗਰ ਨਿਵਾਸੀਆਂ ਅਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਵਿਸਾਖੀ ਦਾ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਬਾਣੀ ਦੇ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਵੀ ਪਹਿਨਾਏ ਗਏ ਇਸ ਮੌਕੇ ਗੁਰੂ ਕਾ ਲੰਗਰ ਚਾਹ ਪ੍ਰਸ਼ਾਦੇ ਜਲੇਬੀਆਂ ਚੌਲਾਂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ ਇਸ ਮੌਕੇ ਹਰਜੀਤ ਸਿੰਘ ਖਾਲਸਾ ਤੂਤ,ਮਹਾਂਵੀਰ ਸਿੰਘ ਮੁੱਖ ਗ੍ਰੰਥੀ ,ਹਿੰਮਤ ਸਿੰਘ ਖਾਲਸਾ,ਜਸਪਾਲ ਸਿੰਘ ਚਹਿਲ,ਸਿਮਰਪ੍ਰੀਤ ਸਿੰਘ ਬਰਾੜ, ਰਾਜਪਾਲ ਸਿੰਘ ਬਰਾਡ ?,ਰਾਜਿੰਦਰ ਸਿੰਘ ਧਾਲੀਵਾਲ,ਗੁਰਮੇਲ ਸਿੰਘ ਗਿੱਲ, ਭਿੰਦਰ ਸਿੰਘ ਸੰਘਾ, ਜਸਵੰਤ ਸਿੰਘ ਬਰਾੜ,ਡਾ ਗੁਰਮੀਤ ਸਿੰਘ,ਜਲੌਰ ਸਿੰਘ, ਰਾਜਵਿੰਦਰ ਸਿੰਘ ਸੰਘਾ,ਬਿੰਦਰ ਸਿੰਘ ਫੌਜੀ ਅਤੇ ਹੋਰ ਵੀ ਸੇਵਾਦਾਰ ਨੇ ਵਧ ਚੜ੍ਹ ਕੇ ਇਸ ਮਹਾਨ ਵਿਸਾਖੀ ਦੇ ਪਵਿੱਤਰ ਦਿਹਾਡ ? ਤੇ ਸੇਵਾ ਕੀਤੀ ਇਸ ਮੌਕੇ ਨਿਸ਼ਾਨ ਸਾਹਿਬ ਦੇ ਚੋਲਾ ਪਹਿਨਾਉਣ ਦੀ ਸੇਵਾ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਕੀਤੀ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਨੇ ਦੇਸ਼ਾਂ ਵਿਦੇਸ਼ਾਂ ਵਿਚ ਵਸਦੀਆਂ ਸਿੱਖ ਸੰਗਤਾਂ ਨੂੰ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਅਤੇ ਅਰਦਾਸ ਬੇਨਤੀ ਕੀਤੀ ਵਾਹਿਗੁਰੂ ਨਗਰ ਖੇੜੇ ਨੂੰ ਚੜ੍ਹਦੀ ਕਲਾ ਰੱਖੇ ਅੱਗੇ ਤੋਂ ਵੀ ਇਸੇ ਤਰ੍ਹਾਂ ਮਹਾਨ ਦਿਵਸ ਮਨਾਉਣ ਦੇ ਉੱਦਮ ਬਲ ਬਖ਼ਸ਼ੇ ।

# ਮੌਸਮ ਦੀ ਆਈ ਤਬਦੀਲੀ ਨਾਲ ਕਣਕ ਦੇ ਘਟੇ ਝਾੜ ਬਦਲੇ ਕੇਂਦਰ ਸਰਕਾਰ ਕਿਸਾਨਾਂ ਨੂੰ 15 ਹਜ਼ਾਰ ਪ੍ਰਤੀ ਏਕੜ ਮਦਦ ਦੇਵੇ : ਬਹਿਰੂ

**ਪਟਿਆਲਾ/ਇਕਬਾਲ ਸਿੰਘ**



ਇਸ ਵਾਰ ਮਾਰਚ ਅਤੇ ਅਪ੍ਰੈਲ ਦੇ ਪਹਿਲੇ ਹਫ਼ਤੇ ਤੋਂ ਬੇਹਿਸਾਬੀ ਸ਼ੁਰੂ ਹੋਈ ਗਰਮੀ ਦੀ ਤਪਸ਼ ਕਾਰਨ ਉੱਤਰ ਭਾਰਤ ਦੇ ਕਣਕ ਪੈਦਾ ਕਰਨ ਵਾਲੇ ਸੂਬੇ ਪੰਜਾਬ, ਹਰਿਆਣਾ, ਯੂਪੀ ਅਤੇ ਅਤੇ ਮੱਧ ਪ੍ਰਦੇਸ਼ ਦੇ ਕਿਸਾਨਾਂ ਦੀ ਕਣਕ ਦਾ ਝਾੜ ਹੁਣ ਤੱਕ ਮਿਲੀ ਜਾਣਕਾਰੀ ਪਹਿਲੀ ਵਾਰ 25 ਤੋਂ 30 ਫੀਸਦੀ ਘੱਟ ਆ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ, ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਸਤਨਾਮ ਸਿੰਘ ਬਹਿਰੂ ਨੇ ਕਿਹਾ ਕਿ ਕਣਕ ਦੇ ਘਟੇ ਝਾੜ ਕਾਰਨ ਕਿਸਾਨਾਂ ਵਿੱਚ ਨਿਰਾਸ਼ਤਾ ਪਾਈ ਜਾ ਰਹੀ ਹੈ ਉਨ੍ਹਾਂ ਨੇ ਕਿਹਾ ਕਿ ਖੇਤੀ ਕਾਰੋਬਾਰ ਜਿੱਥੇ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਦਿਨ ਪ੍ਰਤੀ ਦਿਨ ਘਾਟੇ ਵਿੱਚ ਜਾ ਰਹੇ ਹਨ। ਉਥੇ ਹੀ ਮੌਸਮ ਵਿੱਚ ਆਈ ਤਬਦੀਲੀ ਨੇ ਖੇਤੀ ਕਾਰੋਬਾਰ ਨੂੰ ਲਪੇਟ ਵਿੱਚ ਲੈ ਲਿਆ ਹੈ। ਜਿਸ ਨਾਲ ਕਦੇ ਡੋਬਾ ਕਦੇ ਸੋਕਾ ਅਤੇ ਗੜੇਮਾਰੀ ਨਾਲ ਕਿਸਾਨਾਂ ਦੀਆਂ ਫਸਲਾਂ ਨਸ਼ਟ ਹੋ ਜਾਂਦੀਆਂ ਹਨ। ਇਸ ਲਈ ਕੇਂਦਰ ਸਰਕਾਰ ਨੂੰ ਕੁਦਰਤੀ ਆਫਤਾਂ ਦਾ ਕੌਮੀ ਫੰਡ ਕਾਇਮ ਕਰਨਾ ਚਾਹੀਦਾ ਹੈ ਤਾ ਕਿ ਤਬਾਹ ਹੋਈਆਂ ਫ਼ਸਲਾਂ ਦਾ ਕਿਸਾਨਾਂ ਨੂੰ 100 ਫ਼ੀਸਦੀ ਮੁਆਵਜ਼ਾ ਮਿਲ ਸਕੇ । ਉਨ੍ਹਾਂ ਕਿਹਾ ਕਿ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਮੁਤਾਬਿਕ ਇਸ ਵਾਰ ਕਣਕ ਦਾ ਝਾੜ 22 ਕੁਇੰਟਲ ਪ੍ਰਤੀ ਏਕੜ ਦੀ ਬਜਾਏ ਪ੍ਰਤੀ ਏਕੜ 15/16 ਕੁਇੰਟਲ ਹੀ ਆ ਰਿਹਾ ਹੈ। ਇਸ ਲਈ ਕੇਂਦਰ ਸਰਕਾਰ ਅੰਨ ਸੰਕਟ ਨੂੰ ਮੁੱਖ ਰੱਖਦਿਆਂ ਕਿਸਾਨਾਂ ਨੂੰ ਕਣਕ ਦੇ ਘਟੇ ਝਾੜ ਦੀ ਪੂਰਤੀ ਲਈ ਪ੍ਰਤੀ ਏਕੜ ਮਦਦ ਕਰੇ ਕਿਉਂਕਿ ਡੀਜ਼ਲ,ਖਾਦ,ਕੀਟਨਾਸ਼ਕ ਦਵਾਈਆਂ ਮਸ਼ੀਨਰੀ ਆਦਿ ਦੀਆਂ ਕੀਮਤਾਂ ਖੇਤੀ ਉਤਪਾਦਨ ਵਿੱਚ ਵਿਘਨ ਬਣ ਸਕਦੀਆਂ ਹਨ।

# ਖ਼ਾਲਸਾ ਪੰਥ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਜੰਡ ਸਾਹਿਬ ਵਿਖੇ ਬਾਬਾ ਅਵਤਾਰ ਸਿੰਘ ਸਾਧਵਾਲਾ ਵੱਲੋਂ ਕਥਾ ਵਿਚਾਰਾਂ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਗੁਰਦੁਆਰਾ ਜੰਡ ਸਾਹਿਬ ਵਿਖੇ ਸਮੂਹ ਨਗਰ ਨਿਵਾਸੀਆਂ ਅਤੇ ਆਸੇ ਪਾਸੇ ਪਿੰਡਾਂ ਅਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਵਿਸਾਖੀ ਦਾ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਜੀ ਸਾਧਾਂਵਾਲਾ ਵੱਲੋਂ ਖਾਲਸਾ ਸਾਜਨਾ ਦਿਵਸ ਦਿਹਾੜੇ ਦੇ ਸੰਬੰਧ ਵਿਚ ਕਥਾ ਵਿਚਾਰਾਂ ਕੀਤੀਆਂ ਗਈਆਂ ਸੰਤ ਬਾਬਾ ਅਵਤਾਰ ਸਿੰਘ ਜੀ ਨੇ ਦੱਸਿਆ ਹੈ ਕਿ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ ਬਾਬਾ ਜੀ ਨੇ ਸਮੂਹ ਸਿੱਖ ਸੰਗਤਾਂ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਹੈ ਕਿ ਸਾਨੂੰ ਆਪਣੇ ਬੱਚਿਆਂ ਦੇ ਕੇਸ ਰੱਖਣੇ ਚਾਹੀਦੇ ਹਨ ਤੇ ਆਪਣੇ ਬੱਚਿਆਂ ਦੇ ਘੋਨੇ ਮੋਨੇ ਨਾਂ ਨਹੀਂ ਰੱਖਣੇ ਚਾਹੀਦੇ ਸਿੰਘਾਂ ਵਾਲੇ ਨਾਂ ਰੱਖਣੇ ਚਾਹੀਦੇ ਹਨ ਸਾਨੂੰ ਸਾਰਿਆਂ ਨੂੰ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨਾ ਚਾਹੀਦਾ ਹੈ ਅਤੇ ਸਾਨੂੰ ਗੁਰਦੁਆਰੇ ਸਾਹਿਬ ਵੀ ਜਰੂਰ ਜਾਣਾ ਚਾਹੀਦਾ ਹੈ ਤੇ ਆਪਣੇ ਬੱਚਿਆਂ ਨੂੰ ਵੀ ਗੁਰਦੁਆਰੇ ਸਾਹਿਬ ਜਰੂਰ ਲਿਜਾਣੇ ਚਾਹੀਦਾ ਹਨ ਤੇ ਵੱਧ ਤੋਂ ਵੱਧ ਬਾਣੀ ਪੜ੍ਹਨੀ ਚਾਹੀਦੀ ਹੈ ਇਸ ਮੌਕੇ ਆਈਆਂ ਹੋਈਆਂ ਸਿੱਖ ਸੰਗਤਾਂ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਇਸ ਮੌਕੇ ਸੰਤ ਬਾਬਾ ਅਵਤਾਰ ਸਿੰਘ ਜੀ ਸਾਧਾਂਵਾਲਾ ਦੇ ਸਮੂਹ ਜਥੇ ਵੱਲੋਂ ਅਤੇ ਗੁਰਦੁਆਰਾ ਜੰਡ ਸਾਹਿਬ ਦੇ ਸਮੂਹ ਸੇਵਾਦਾਰਾਂ ਵੱਲੋਂ ਦੇਸ਼ਾਂ ਵਿਦੇਸ਼ਾਂ ਚ ਵੱਸਦੀਆਂ ਸਿੱਖ ਸੰਗਤਾਂ ਨੂੰ ਅਤੇ ਆਈਆਂ ਹੋਈਆਂ ਸਿੱਖ ਸੰਗਤਾਂ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ ਅਤੇ ਆਈਆਂ ਹੋਈਆਂ ਸਮੂਹ ਸਿੱਖ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਚੋ ਅਰਦਾਸ ਬੇਨਤੀ ਕੀਤੀ ਵਾਹਿਗੁਰੂ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੀਆਂ ਸਿੱਖ ਸੰਗਤਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਰੱਖੇ ਗੁਰੂ ਸਾਹਿਬਾਂ ਦੇ ਅਵਤਾਰ ਦਿਹਾੜੇ ਮਨਾਉਣ ਦਾ ਬਲ ਬਖ਼ਸ਼ੇ।

# ਵਿਧਾਇਕ ਭੋਲਾ ਵੱਲੋਂ ਭਾਰਤ ਰਤਨ ਡਾ. ਅੰਬੇਡਕਰ ਜੀ ਨੂੰ ਉਨ੍ਹਾਂ ਦੇ 131ਵੇਂ ਜਨਮ ਦਿਹਾੜੇ ਮੌਕੇ ਸ਼ਰਧਾ ਦੇ ਫੁੱਲ ਭੇਟ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਅੱਜ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ 131ਵੇਂ ਜਨਮ ਦਿਹਾੜੇ ਮੌਕੇ ਸਥਾਨਕ ਜਲੰਧਰ ਬਾਈ ਪਾਸ ਵਿਖੇ ਆਪਣੇ ਸਾਥੀਆਂ ਸਮੇਤ ਨਤਮਸਤਕ ਹੋਏ।

ਵਿਧਾਇਕ ਭੋਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੁਪਨੇ ਵਜੋਂ ਬਰਾਬਰੀ ਅਤੇ ਆਜ਼ਾਦੀ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਇੱਕ ਆਦਰਸ਼ ਸਮਾਜ ਸਿਰਜਣ ਵਿੱਚ ਯੋਗਦਾਨ ਪਾਉਣ।

ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਡਾ. ਅੰਬੇਡਕਰ ਦੀ ਮਿਹਨਤ, ਲਗਨ ਅਤੇ ਦੂਰਦ੍ਰਿਸ਼ਟੀ ਦਾ ਨਤੀਜਾ ਹੈ ਅਤੇ ਕਿਹਾ ਕਿ ਬਾਬਾ ਸਾਹਿਬ ਨਾ ਸਿਰਫ ਕਮਜ਼ੋਰ ਵਰਗਾਂ ਦੇ ਨੇਤਾ ਸਨ, ਬਲਕਿ ਉਹ ਪੂਰੀ ਮਨੁੱਖਤਾ ਦੇ ਹਿੱਤਕਾਰੀ ਸਨ।

ਉਨ੍ਹਾਂ ਅਪੀਲ ਕੀਤੀ ਕਿ ਲੋਕ ਜਾਤੀ, ਰੰਗ ਅਤੇ ਜਾਤੀ ਦੇ ਛੋਟੇ ਨਜ਼ਰੀਏ ਤੋਂ ਉਪਰ ਉਠ ਕੇ ਸਮਾਜ ਦੇ ਸਾਰੇ ਵਰਗਾਂ ਲਈ ਨਿਆਂ ਅਤੇ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਯਤਨ ਕਰਨ ਜੋਕਿ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਪ੍ਰਿੰਸੀਪਲ ਇੰਦਰਜੀਤ ਕੌਰ, ਸੰਜੀਵ ਕੁਮਾਰ ਸੰਜੂ, ਸੁਰਿੰਦਰ ਮਦਾਨ, ਬਾਦਲ ਪ੍ਰਕਾਸ਼, ਰੋਹਿਤ ਰਾਜਪੂਤ, ਅਸ਼ਵਨੀ ਕੁਮਾਰ, ਗਗਨ ਰਾਏ, ਦੀਪੂ ਮਹਿਰਾ, ਵਰੁਨ ਕੁਮਾਰ, ਸੁੱਚਾ ਸਿੰਘ ਫੰਬੜਾ, ਪਰਮਜੀਤ ਪੰਮੀ, ਗੁਰਸ਼ਰਨਦੀਪ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਬਲਾਕ ਪੱਧਰੀ ਸਿਹਤ ਮੇਲੇ 18 ਤੋ 22 ਅਪਰੈਲ ਤਕ ਲੱਗਣਗੇ

**ਗੁਰਦਾਸਪੁਰ/ਨਵਨੀਤ ਕੁਮਾਰ:-** ਸਿਵਲ ਸਰਜਨ ਡਾ ਵਿਜੇ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਪੱਧਰੀ ਸਿਹਤ ਮੇਲੇ 18 ਅਪਰੈਲ ਤੋਂ 22 ਅਪਰੈਲ 2022 ਤਕ ਲਗਾਏ ਜਾ ਰਹੇ ਹਨ। ਜਿਲਾ ਪਰਿਵਾਰ ਭਲਾਈ ਅਫਸਰ ਡਾ ਭਾਰਤ ਭੂਸ਼ਣ ਨੇ ਅੱਗੇ ਦੱਸਿਆ ਕਿ 18 ਅਪਰੈਲ ਨੂੰ ਸੀ ਐਚ ਸ਼ੀ ਕਲਾਨੌਰ, 19 ਅਪਰੈਲ ਨੂੰ ਨੌਸ਼ਹਿਰਾ ਮੱਝਾ ਸਿੰਘ 20 ਅਪਰੈਲ ਨੂੰ ਸੀ ਐਚ ਸੀ ਭਾਮ , 21 ਅਪਰੈਲ ਨੂੰ ਸੀ ਐਚ ਸੀ ਫਤਿਹਗੜ੍ਹ ਚੂੜੀਆ ਅਤੇ 22 ਅਪਰੈਲ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਲਗਾਏ ਜਾ ਰਹੇ ਹਨ। ਇਨ੍ਹਾਂ ਸਿਹਤ ਕੈਪਾ ਵਿੱਚ ਸ਼ੂਗਰ,ਹਾਈਪਰਟੈਨਸਨ ਚੈਕਅਪ , ਐਨ ਸੀ ਡੀ ਸਕਰੀਨਿੰਗ, ਅਯੁਸ਼ਮਾਨ ਸਰਬਤ ਸਿਹਤ ਬੀਮਾ ਕਾਰਡ, ਲੈਬ ਟੈਸਟ ਅਤੇ ਆਈ ਈ ਸ਼ੀ ਅਤੇ ਬੀ ਬੀ ਸੀ ਗਤੀ ਵਿਧੀਆਂ ਰਾਹੀ ਲੋਕਾ ਨੂੰ ਸਿਹਤ ਸਹੂਲਤਾ ਸਬੰਧੀ ਜਾਗਰੂ ਕ ਕੀਤਾ ਜਾਵੇਗਾ । ਇਸ ਮੌਕੇ ਜਿਲਾ ਐਪੀਡੀਮਾਲੌਜਸ਼ਟ ਡਾ ਪਭਜੋਤ ਕਲਸੀ ਨੇ ਦੱਸਿਆ ਕਿ ਸਮੂਹ ਵਿਭਾਗ ਵੀ ਸਿਹਤ ਮੇਲਿਆਂ ਵਿੱਚ ਭਾਗ ਲੈਣ ਗਏ।



ਸਿਵਲ ਸਰਜਨ ਗੁਰਦਾਸਪੁਰ ਨੇ ਇਲਾਕਾ ਨਿਵਾਸੀਆ ਨੂੰ ਅਪੀਲ ਕੀਤੀ ਕਿ ਉਹ ਸਿਹਤ ਮੇਲਿਆਂ ਵਿੱਚ ਜਾ ਕੇ ਸਿਹਤ ਸਹੂਲਤਾਂ ਦਾ ਲਾਭ ਉਠਾਉਣ।